**ਸਤਿਕਾਰਯੋਗ ਅਧਿਆਪਕ ਸਾਹਿਬਾਨ, ਛੇਵੀਂ ਜਮਾਤ ਦੇ ਲਗਭਗ ਸਾਰੇ ਪਾਠਾਂ ਦੇ ਪ੍ਰਸ਼ਨ-ਉੱਤਰ ਵਿਦਿਆਰਥੀਆਂ ਦੇ ਸਿੱਖਣ ਪੱਧਰ ਅਨੁਸਾਰ ਸੌਖੇ ਕਰਕੇ ਟਾਇਪ ਕੀਤੇ ਗਏ ਹਨ। ਇਹ ਨੋਟਸ ਜਿੱਥੇ ਵਿਦਿਆਰਥੀਆਂ ਨੂੰ ਗਾਈਡਾਂ ਰਾਹੀਂ ਪਾਠ ਉਤਾਰਨ ਤੋਂ ਰੋਕਣ ਵਿੱਚ ਸਹਾਇ ਹਨ ਉੱਥੇ ਹੀ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀ ਦਾ ਆਤਮ-ਵਿਸ਼ਵਾਸ ਵਧਾਉਂਦੇ ਹਨ।**

**ਪਾਠਾਂ ਨੂੰ ਹੋਰ ਸਚੁੱਜਾ ਰੂਪ ਦੇਣ ਅਤੇ ਸੁਧਾਰ ਹਿੱਤ ਆਪ ਜੀ ਦੇ ਵਡਮੁੱਲੇ ਸੁਝਾਵਾਂ ਦਾ ਸੁਆਗਤ ਹੈ।**

**ਹਰਬੰਸ ਲਾਲ**

**ਸ.ਸ. ਮਾਸਟਰ**

**ਸਰਕਾਰੀ ਮਿਡਲ ਸਕੂਲ**

**ਗੋਰਖਨਾਥ (ਮਾਨਸਾ)**

**9872975941**

Harbans gorkhnath

# ਪਾਠ- 1 ਪ੍ਰਿਥਵੀ: ਸੂਰਜ ਪਰਿਵਾਰ ਦਾ ਅੰਗ

**ਪ੍ਰਸ਼ਨ-1 ਬ੍ਰਹਿਮੰਡ ਤੋਂ ਕੀ ਭਾਵ ਹੈ ? ਬ੍ਰਹਿਮੰਡ ਵਿਚਲੇ ਪ੍ਰਤੀਰੂਪਾਂ ਦੀ ਸੂਚੀ ਤਿਆਰ ਕਰੋ।**

ਉੱਤਰ-ਅਕਾਸ਼ ਵਿੱਚ ਮੌਜੂਦ ਸਾਰੇ ਤਾਰਿਆਂ , ਗ੍ਰਹਿਆਂ , ਉਪਗ੍ਰਹਿਆਂ , ਧੂੜ ਕਣਾਂ ਅਤੇ ਗੈਸਾਂ ਦੇ ਸਮੂਹ ਨੂੰ ਬ੍ਰਹਿਮੰਡ ਆਖਦੇ ਹਨ ।

**ਪ੍ਰਸ਼ਨ-2 ਉਪਗ੍ਰਹਿ ਕੀ ਹੈ ? ਕੀ ਸਾਡੀ ਧਰਤੀ ਇੱਕ ਉਪਗ੍ਰਹਿ ਹੈ ?**

ਉੱਤਰ -ਉਪਗ੍ਰਹਿ ਉਹ ਆਕਾਸ਼ੀ ਗੋਲੇ ਹਨ ਜੋ ਆਪਣੇ-ਆਪਣੇ ਗ੍ਰਹਿ ਦੇ ਦੁਆਲੇ ਘੁੰਮਦੇ ਹਨ। ਚੰਨ ਧਰਤੀ ਦਾ ਉਪਗ੍ਰਹਿ ਹੈ । ਧਰਤੀ ਉਪਗ੍ਰਹਿ ਨਹੀਂ ਹੈ ਇਹ ਇੱਕ ਗ੍ਰਹਿ ਹੈ ।

**ਪ੍ਰਸ਼ਨ-3 ਸੂਰਜੀ ਪਰਿਵਾਰ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ - ਸੂਰਜ , ਇਸਦੇ ਗ੍ਰਹਿ , ਉਪਗ੍ਰਹਿ ਸਾਰੇ ਮਿਲ ਕੇ ਸੂਰਜੀ ਪਰਿਵਾਰ ਬਣਾਉਂਦੇ ਹਨ । ਸੂਰਜ ਇਸ ਪਰਿਵਾਰ ਦੇ ਕੇਂਦਰ ਵਿੱਚ ਸਥਿਤ ਹੈ ।

**ਪ੍ਰਸ਼ਨ-4 ਕਿਹੜਾ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਅਤੇ ਕਿਹੜਾ ਸਭ ਤੋਂ ਦੂਰ ਹੈ ?**

ਉੱਤਰ- ਬੁੱਧ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਅਤੇ ਨੇਪਚੂਨ ਗ੍ਰਹਿ ਸੂਰਜ ਤੋਂ ਸਭ ਤੋਂ ਦੂਰ ਹੈ ।

**ਪ੍ਰਸ਼ਨ-5 ਗ੍ਰਹਿਆਂ ਦੇ ਅਕਾਰ ਅਨੁਸਾਰ ਕਿਹੜਾ ਗ੍ਰਹਿ ਸਭ ਤੋਂ ਵੱਡਾ ਅਤੇ ਕਿਹੜਾ ਸਭ ਤੋਂ ਛੋਟਾ ਹੈ ?**

ਉੱਤਰ- ਬ੍ਰਹਿਸਪਤੀ ਗ੍ਰਹਿ ਸਭ ਤੋਂ ਵੱਡਾ ਅਤੇ ਬੁੱਧ ਗ੍ਰਹਿ ਸਭ ਤੋਂ ਛੋਟਾ ਹੈ ।ਸਾਡੀ ਧਰਤੀ ਦਾ ਪੰਜਵਾਂ ਸਥਾਨ ਹੈ ।

**ਪ੍ਰਸ਼ਨ-6 ਤੁਸੀਂ ਅਜਿਹੇ ਕਿਹੜੇ ਤੱਥ ਜਾਣਦੇ ਹੋਂ ਜਿੰਨ੍ਹਾ ਕਰਕੇ ਤੁਸੀਂ ਧਰਤੀ ਦੀ ਨੁਹਾਰ ਅਤੇ ਆਕਾਰ ਬਾਰੇ ਦੱਸ ਸਕਦੇ ਹੋਂ ?**

ਉੱਤਰ - ਪੁਲਾੜ ਵਿੱਚੋਂ ਧਰਤੀ ਦੇ ਜਿਹੜੇ ਚਿੱਤਰ ਲਏ ਗਏ ਹਨ ਉਹਨਾਂ ਵਿੱਚ ਇਹ ਗੋਲ ਨਜ਼ਰ ਆਉਂਦੀ ਹੈ ।ਧਰੁਵਾਂ ਤੋਂ ਧਰਤੀ ਕੁਝ ਚਪਟੀ ਹੈ ।ਆਕਾਰ ਦੇ ਅਨੁਸਾਰ ਸਾਡੀ ਧਰਤੀ ਦਾ ਪੰਜਵਾਂ ਸਥਾਨ ਹੈ ।

**ਪ੍ਰਸ਼ਨ-7 ਹੇਠ ਲਿਖਿਆਂ ਤੇ ਨੋਟ ਲਿਖੋ-**

1.**ਉਪਗ੍ਰਹਿ**- ਉਪਗ੍ਰਹਿ ਉਹ ਆਕਾਸ਼ੀ ਗੋਲੇ ਹਨ ਜੋ ਆਪਣੇ ਆਪਣੇ ਗ੍ਰਹਿਾਂ ਦੇ ਦੁਆਲੇ ਘੁੰਮਦੇ ਹਨ।ਚੰਨ ਧਰਤੀ ਦਾ ਉਪਗ੍ਰਹਿ ਹੈ।

2. **ਉਲਕਾ** - ਸੂਰਜ ਮੰਡਲ ਵਿੱਚ ਕੁਝ ਛੋਟੇ ਛੋਟੇ ਪਦਾਰਥ ਬਿਖਰੇ ਪਏ ਹਨ ।ਇਹ ਪਦਾਰਥ ਕਈ ਵਾਰ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋ ਜਾਂਦੇ ਹਨ ਅਤੇ ਇਹਨਾਂ ਨੂੰ ਅੱਗ ਲੱਗ ਜਾਂਦੀ ਹੈ । ਇਹਨਾਂ ਨੂੰ ਉਲਕਾ ਜਾਂ ਟੁੱਟਿਆ ਹੋਇਆ ਤਾਰਾ ਕਹਿੰਦੇ ਹਨ ।

3. **ਗੋਲਾ**- ਸਾਡੀ ਧਰਤੀੌ ਇੱਕ ਚਪਟਾ ਗੋਲਾ ਹੈ । ਇਸਨੂੰ ਧਰਤ ਗੋਲਾ ਆਖਦੇ ਹਨ।

4.**ਭੂ ਮੱਧ ਰੇਖਾ**- ਇਹ ਧਰਤੀ ਦੇ ਵਿਚਕਾਰੋਂ ਗੁਜ਼ਰਦੀ ਹੈ ਅਤੇ ਧਰਤੀ ਨੂੰ ਦੋ ਸਮਾਨ ਭਾਗਾਂ ਵਿੱਚ ਵੰਡਦੀ ਹੈ ।

5. **ਪੂਛਲ ਤਾਰਾ**- ਪੂਛਲ ਤਾਰਾ ਗੈਸੀ ਪਦਾਰਥਾਂ ਦਾ ਬਣਿਆ ਹੁੰਦਾ ਹੈ । ਸੂਰਜ ਦੇ ਸਾਹਮਣੇ ਆਉਣ ਤੇ ਇਹ ਚਮਕ ਪੈਂਦਾ ਹੈ ਅਤੇ ਇਸਦੀ ਪੂੰਛ ਵਿਕਸਿਤ ਹੋ ਜਾਂਦੀ ਹੈ ।

6.**ਧੁਰਾ** - ਧਰਤੀ ਆਪਣੇ ਧੁਰੇ ਤੇ ਸੂਰਜ ਦੁਆਲੇ ਘੁੰਮਦੀ ਹੈ । ਇਹ ਮੱਧ ਵਿੱਚੋਂ ਉੱਤਰੀ ਧਰੁਵ ਅਤੇ ਦੱਖਣੀ ਧਰੁਵ ਨੂੰ ਮਿਲਾਉਂਦਾ ਹੈ ।

Harbans gorkhnath

**7.ਚੰਨ ਗ੍ਰਹਿਣ**- ਜਦੋਂ ਧਰਤੀ ਘੁੰਮਦੀ ਘੁੰਮਦੀ ਸੂਰਜ ਅਤੇ ਚੰਨ ਦੇ ਵਿਚਕਾਰ ਆ ਜਾਂਦੀ ਹੈ ਤਾਂ ਧਰਤੀ ਦਾ ਪਰਛਾਵਾਂ ਚੰਨ ਤੇ ਪੈਂਦਾ ਹੈ ਜਿਸ ਨੂੰ ਚੰਨ ਗ੍ਰਹਿਣ ਕਹਿੰਦੇ ਹਨ।

**ਖਾਲੀ ਥਾਵਾਂ ਭਰੋ:-** 1) ਧਰਤ ਗੋਲਾ 2) 40,000 3) 12756 ਅਤੇ 44

## ਪਾਠ - 8 (ਪ੍ਰਾਚੀਨ ਇਤਿਹਾਸ ਦਾ ਅਧਿਐਨ - ਸ੍ਰੋਤ)

**ਪ੍ਰਸ਼ਨ-1 ਪੂਰਵ -ਇਤਿਹਾਸ ਅਤੇ ਇਤਿਹਾਸ ਤੋਂ ਕੀ ਭਾਵ ਹੈ ?**

ਉੱਤਰ-ਜਿਸ ਕਾਲ ਦਾ ਸਾਡੇ ਕੋਲ ਕੋਈ ਲਿਖਤੀ ਵੇਰਵਾ ਨਹੀਂ ਹੈ ਉਸ ਨੂੰ ਪੂਰਵ -ਇਤਿਹਾਸ ਕਿਹਾ ਜਾਂਦਾ ਹੈ ਅਤੇ ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਹੈ ਉਸ ਨੂੰ ਇਤਿਹਾਸ ਕਿਹਾ ਜਾਂਦਾ ਹੈ।

**ਪ੍ਰਸ਼ਨ-2 ਵੈਦਿਕ ਸਾਹਿਤ ਦੇ ਕਿਹੜੇ ਕਿਹੜੇ ਗ੍ਰੰਥ ਮਿਲਦੇ ਹਨ?**

ਉੱਤਰ- ਵੈਦਿਕ ਸਾਹਿਤ ਦੇ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਮਹਾਂਕਾਵਿ (ਰਮਾਇਣ ਅਤੇ ਮਹਾਂਭਾਰਤ),ਪੁਰਾਣ ਆਦਿ ਗ੍ਰੰਥ ਮਿਲਦੇ ਹਨ

**ਪ੍ਰਸ਼ਨ-3 ਸ਼ਿਲਾਲੇਖ ਇਤਿਹਾਸ ਜਾਨਣ ਵਿੱਚ ਸਾਡੀ ਕਿਸ ਤਰਾਂ ਸਹਾਇਤਾ ਕਰਦੇ ਹਨ ?**

ਉੱਤਰ- ਪੱਥਰ ਦੇ ਸਤੰਭ, ਚਟਾਨਾਂ, ਮਿੱਟੀ ਦੀਆਂ ਤਖਤੀਆਂ ਅਤੇ ਮੰਦਰਾਂ ਦੀਆਂ ਦੀਵਾਰਾਂ ਉੱਤੇ ਲਿਖੇ ਲੇਖਾਂ ਨੂੰ ਸ਼ਿਲਾਲੇਖ ਕਹਿੰਦੇ ਹਨ।ਇਹਨਾਂ ਵਿੱਚ ਉਸ ਸਮੇਂ ਦੀਆਂ ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ ਜਿਸ ਸਮੇਂ ਇਹ ਲਿਖੇ ਗਏ ਸਨ।ਉਦਾਹਰਨ ਵਜੋਂ ਸਮਰਾਟ ਅਸੋਕ ਨੇ ਮਨੁੱਖ ਦੀ ਭਲਾਈ ਲਈ ਸੰਦੇਸ਼ ਪੱਥਰਾਂ ਦੇ ਸਤੰਭਾਂ ਤੇ ਲਿਖਵਾ ਕੇ ਪੂਰੇ ਦੇਸ਼ ਵਿੱਚ ਲਗਵਾਏ ਸਨ ।

**ਪ੍ਰਸ਼ਨ-4 ਇਤਿਹਾਸ ਦੇ ਪੁਰਾਤੱਤਵ ਸ੍ਰੋਤਾਂ ਤੋਂ ਕੀ ਭਾਵ ਹੈ ?**

ਉੱਤਰ- ਪੁਰਾਤਨ ਇਮਾਰਤਾਂ, ਬਰਤਨਾਂ, ਰੋਜ਼ਾਨਾ ਵਰਤੋ ਵਿੱਚ ਆਉਣ ਵਾਲੀਆਂ ਵਸਤੂਆਂ, ਸਿੱਕਿਆਂ ਆਦਿ ਨੂੰ ਇਤਿਹਾਸ ਦੇ ਪੁਰਾਤੱਤਵ ਸ੍ਰੋਤ ਕਿਹਾ ਜਾਂਦਾ ਹੈ।

**ਪ੍ਰਸ਼ਨ-5 ਮਹਾਂਕਾਵਿ ਸ੍ਰੋਤ ਦੇ ਰੂਪ ਵਿੱਚ ਸਾਡੀ ਕਿਵੇਂ ਸਹਾਇਤਾ ਕਰਦੇ ਹਨ?**

ਉੱਤਰ- ਰਮਾਇਣ ਅਤੇ ਮਹਾਂਭਾਰਤ ਨਾਂ ਦੇ ਦੋ ਮਹਾਂਕਾਵਿ ਵੈਦਿਕ ਕਾਲ ਵਿੱਚ ਲਿਖੇ ਗਏ ਸਨ। ਇਹਨਾਂ ਮਹਾਂਕਾਵਾਂ ਤੋਂ ਸਾਨੂੰ ਪ੍ਰਾਚੀਨ ਭਾਰਤ ਦੀ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਸਥਿਤੀ ਬਾਰੇ ਪਤਾ ਲੱਗਦਾ ਹੈ।

**ਪ੍ਰਸ਼ਨ-6 ਇਤਿਹਾਸ ਦੇ ਸਾਹਿਤਿਕ ਸ੍ਰੋਤਾਂ ਤੇ ਸੰਖੇਪ ਨੋਟ ਲਿਖੋ ।**

ਉੱਤਰ-ਇਤਿਹਾਸ ਦੇ ਸਾਹਿਤਿਕ ਸ੍ਰੋਤਾਂ ਵਿੱਚ ਵੇਦ, ਬ੍ਰਾਹਮਣ ਗ੍ਰੰਥ, ਸੂਤਰ, ਮਹਾਂਕਾਵਿ, ਬੋਧੀ ਅਤੇ ਜੈਨ ਗ੍ਰੰਥ ਆਦਿ ਸ਼ਾਮਿਲ ਹਨ। ਇਹ ਗ੍ਰੰਥ ਸਾਨੂੰ ਧਰਮ ਤੋਂ ਇਲਾਵਾ ਉਸ ਸਮੇਂ ਦੇ ਸਮਾਜ ਬਾਰੇ ਵੀ ਜਾਣਕਾਰੀ ਦਿੰਦੇ ਹਨ।ਕੋਟੱਲਿਆ ਨੇ ਅਰਥ-ਸ਼ਾਸ਼ਤਰ ਨਾਂ ਦੀ ਪੁਸਤਕ ਲਿਖੀ। ਆਰੀਆ ਭੱਟ ਵਰਗੇ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਬਾਰੇ ਵੀ ਪੁਸਤਕਾਂ ਲਿਖੀਆਂ।

**ਪ੍ਰਸ਼ਨ-7 ਸਮਾਰਕਾਂ ਦੇ ਅਧਿਐਨ ਤੋਂ ਸਾਨੂੰ ਕੀ ਜਾਣਕਾਰੀ ਮਿਲਦੀ ਹੈ ?**

ਉੱਤਰ- ਕਈ ਸੋ ਸਾਲ ਪਹਿਲਾਂ ਬਣੇ ਸਤੰਭਾਂ, ਕਿਲਿਆਂ ਅਤੇ ਮਹੱਲਾਂ ਨੂੰ ਸਮਾਰਕ ਕਿਹਾ ਜਾਂਦਾ ਹੈ। ਸਮਾਰਕਾਂ ਦੇ ਅਧਿਐਨ ਤੋਂ ਸਾਨੂੰ ਪ੍ਰਾਚੀਨ ਭਾਰਤ ਦੇ ਲੋਕਾਂ ਦੇ ਸੱਭਿਆਚਾਰਕ ਜੀਵਨ ਬਾਰੇ ਪਤਾ ਲੱਗਦਾ ਹੈ ।

**ਖਾਲੀ ਥਾਵਾਂ ਭਰੋ ।**

**1.** ਅਤੀਤ 2. ਚੰਗੇ ਭਵਿੱਖ 3. ਅਰਥ-ਸ਼ਾਸਤਰ 4. ਪੁਰਾਤੱਤਵ

**ਸਹੀ ਜੋੜੇ ਬਣਾਓ**

ਉੱਤਰ- 1.ਆਰੀਆ ਭੱਟ (ਸ) ਵਿਗਿਆਨੀ 2.ਰਮਾਇਣ (ੳ) ਮਹਾਂਕਾਵਿ

3.ਸਾਮਵੇਦ (ਅ) ਵੇਦ 4.ਅਰਥ-ਸ਼ਾਸ਼ਤਰ (ੲ) ਕੋਟੱਲਿਆ

Harbans gorkhnath

**ਸਹੀ ਗਲਤ ਦਾ ਨਿਸ਼ਾਨ ਲਗਾਓ**

ਉੱਤਰ- 1. ਸਹੀ 2.ਗਲਤ 3.ਗਲਤ 4. ਸਹੀ

## ਪਾਠ-19

## ਸਮੁਦਾਇ ਅਤੇ ਮਨੁੱਖੀ ਲੋੜਾਂ

**ਪ੍ਰਸ਼ਨ-1. ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਉਂ ਕਿਹਾ ਜਾਂਦਾ ਹੈ ?**

ਉੱਤਰ-ਸਾਰੇ ਮਨੁੱਖ ਆਪਣੀਆਂ ਲੋੜਾਂ ਲਈ ਇੱਕ ਦੂਜੇ ਤੇ ਨਿਰਭਰ ਕਰਦੇ ਹਨ।ਮਨੁੱਖ ਇੱਕਲਾ ਨਹੀਂ ਰਹਿ ਸਕਦਾ।ਇਸ ਲਈ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ ।

**ਪ੍ਰਸ਼ਨ-2. ਸਮਾਜ ਦੀ ਮੁਢਲੀ ਇਕਾਈ ਕਿਹੜੀ ਹੈ?**

ਉੱਤਰ-ਪਰਿਵਾਰ ।

**ਪ੍ਰਸ਼ਨ-3. ਪ੍ਰਾਚੀਨ ਸਮਾਜ ਵਿੱਚ ਮਨੁੱਖੀ ਜੀਵਨ ਕਿਹੋ ਜਿਹਾ ਸੀ ?**

ਉੱਤਰ-ਪ੍ਰਾਚੀਨ ਸਮਾਜ ਵਿੱਚ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ।ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਆਪਣਾ ਪੇਟ ਭਰਦਾ ਸੀ।ਉਹ ਇੱਕ ਥਾਂ ਤੋਂ ਦੂਸਰੀ ਥਾਂ ਤੇ ਘੁੰਮਦਾ ਰਹਿੰਦਾ ਸੀ।

**ਪ੍ਰਸ਼ਨ-4. ਕਬੀਲੇ ਦੇ ਅਤੇ ਸ਼ਹਿਰੀ ਜੀਵਨ ਵਿੱਚ ਕੀ ਅੰਤਰ ਹੈ?**

ਉੱਤਰ-ਕਬੀਲੇ ਦੇ ਲੋਕ ਇੱਕ ਥਾਂ ਤੇ ਟਿਕ ਕੇ ਨਹੀਂ ਰਹਿੰਦੇ।ਉਹ ਆਪਣੀਆਂ ਜਰੂਰਤਾਂ ਲਈ ਇੱਕ ਥਾਂ ਤੋਂ ਦੂਸਰੀ ਥਾਂ ਘੁੰਮਦੇ ਰਹਿੰਦੇ ਹਨ।ਸ਼ਹਿਰੀ ਲੋਕਾਂ ਦਾ ਜੀਵਨ ਬੜਾ ਗੁੰਝਲਦਾਰ ਹੁੰਦਾ ਹੈ।ਉਹਨਾਂ ਦੀਆਂ ਜਰੂਰਤਾਂ ਜਿਆਦਾ ਹੁੰਦੀਆਂ ਹਨ।

**ਪ੍ਰਸ਼ਨ-5. ਸਮਾਜ ਮਨੁੱਖ ਲਈ ਕਿਉਂ ਜਰੂਰੀ ਹੈ ?**

ਉੱਤਰ- (ੳ) ਮਨੁੱਖ ਸਮਾਜ ਵਿੱਚ ਹੀ ਰਹਿੰਦਾ ਹੈ।

(ਅ) ਆਪਣੀ ਸੁਰੱਖਿਆ ਲਈ ਮਨੁੱਖ ਨੂੰ ਸਮਾਜ ਦੀ ਲੋੜ ਹੈ।

(ੲ) ਆਪਣੀਆਂ ਲੋੜਾਂ ਦੀ ਪੂਰਤੀ ਲਈ ਮਨੁੱਖ ਨੂੰ ਸਮਾਜ ਦੀ ਲੋੜ ਹੈ ।

(ਸ) ਵੱਖ ਵੱਖ ਕੰਮਾਂ ਵਿੱਚ ਸਹਿਯੋਗ ਪ੍ਰਾਪਤ ਕਰਨ ਲਈ ਮਨੁੱਖ ਨੂੰ ਸਮਾਜ ਦੀ ਲੋੜ ਹੈ ।

**ਪ੍ਰਸ਼ਨ-6. ਕੁਦਰਤੀ ਵਾਤਾਵਰਨ ਤੋਂ ਮਨੁੱਖੀ ਵਾਤਾਵਰਨ ਦੇ ਵਿਕਾਸ ਤੇ ਸੰਖੇਪ ਨੋਟ ਲਿਖੋ।**

ਉੱਤਰ- ਸ਼ੁਰੂ ਵਿੱਚ ਮਨੁੱਖ ਸ਼ਿਕਾਰ ਕਰਕੇ ਆਪਣਾ ਪੇਟ ਭਰਦਾ ਸੀ।ਹੌਲੀ ਹੌਲੀ ਉਹ ਖੇਤੀ ਕਰਨਾ ਸਿੱਖ ਗਿਆ।ਅੱਗ,ਤਾਂਬਾ, ਕਾਂਸਾ, ਲੋਹਾ ਆਦਿ ਦੀ ਖੋਜ ਨੇ ਉਸਦੇ ਜੀਵਨ ਨੂੰ ਗਤੀ ਦਿੱਤੀ।ਅੱਜ ਮਨੁੱਖ ਮਸ਼ੀਨੀ ਯੁੱਗ ਵਿੱਚ ਰਹਿੰਦਾ ਹੈ ਅਤੇ ਉਸ ਪਾਸ ਜਰੂਰਤ ਦੀ ਹਰ ਵਸਤੂ ਉਪਲਬਧ ਹੈ।

**ਪ੍ਰਸ਼ਨ-7. ਸਾਨੂੰ ਆਪਣੇ ਭਾਰਤੀ ਸਮੁਦਾਇ ਤੇ ਮਾਣ ਕਿਉਂ ਹੈ?**

ਉੱਤਰ-ਸਾਡਾ ਸਮੁਦਾਇ ਸਾਨੂੰ ਸਿੱਖਿਆ ਪ੍ਰਦਾਨ ਕਰਦਾ ਹੈ ਅਤੇ ਭਾਰਤ ਦਾ ਚੰਗਾ ਨਾਗਰਿਕ ਬਣਾਉਂਦਾ ਹੈ।ਇਹ ਸਾਡੇ ਵਿੱਚ ਭਾਈਚਾਰੇ ਅਤੇ ਏਕਤਾ ਦਾ ਵਿਕਾਸ ਵੀ ਕਰਦਾ ਹੈ ।ਇਸ ਲਈ ਸਾਨੂੰ ਆਪਣੇ ਭਾਰਤੀ ਸਮੁਦਾਇ ਤੇ ਮਾਣ ਹੈ।

**ਪ੍ਰਸ਼ਨ-8. ਮਨੁੱਖ ਦਾ ਬਾਕੀ ਸੰਜੀਵਾਂ ਤੋਂ ਕੀ ਅੰਤਰ ਹੈ ?**

ਉੱਤਰ-ਮਨੁੱਖ ਪਾਸ ਸਾਰੇ ਜੀਵਾਂ ਤੋਂ ਵੱਧ ਅਕਲ ਹੈ।ਦੂਸਰੇ ਜੀਵਾਂ ਕੋਲ ਮਨੁੱਖ ਵਰਗੀ ਸੋਚਣ ਸ਼ਕਤੀ ਨਹੀਂ ਹੁੰਦੀ।

Harbans Gorkhnath

**ਖਾਲੀ ਥਾਵਾਂ ਭਰੋ:-**

1.90 2.ਵੱਧਦੀ 3.ਸਮੂਹ 4.ਸ਼ਿਕਾਰ ਕਰਨਾ 5.ਮੁੱਢਲੀ

**ਸਹੀ ਗਲਤ ਦਾ ਨਿਸ਼ਾਨ ਲਗਾਓ:-** 1. **(√)** 2. (X) 3. **(√)** 4. (X) 5. **(√)**

## ਪਾਠ-2

## ਗਲੋਬ-ਧਰਤੀ ਦਾ ਮਾਡਲ

**ਪ੍ਰਸ਼ਨ-1.ਗਲੋਬ ਨੂੰ ਧਰਤੀ ਦਾ ਮਾਡਲ ਕਿਉਂ ਕਿਹਾ ਜਾਂਦਾ ਹੈ ?**

ਉੱਤਰ-ਗਲੋਬ ਵਿੱਚ ਧਰਤੀ ਦੀ ਤਰਾਂ ਹੀ ਮਹਾਂਦੀਪ , ਮਹਾਂਸਾਗਰ , ਦਿਸ਼ਾਵਾਂ ਆਦਿ ਠੀਕ ਰੂਪ ਵਿੱਚ ਦਿਖਾਈਆਂ ਹੁੰਦੀਆਂ ਹਨ।ਇਹ ਧਰਤੀ ਦੀ ਤਰਾਂ ਹੀ ਗੋਲ ਹੁੰਦਾ ਹੈ। ਇਸ ਲਈ ਗਲੋਬ ਨੂੰ ਧਰਤੀ ਦਾ ਮਾਡਲ ਕਿਹਾ ਜਾਂਦਾ ਹੈ।

**ਪ੍ਰਸ਼ਨ-2.ਗਲੋਬ ਦੇ ਪੇਚਾਂ (ਉੱਪਰਲੇ ਤੇ ਹੇਠਲੇ ਚਪਟੇ ਜਿਹੇ ਸਿਰਿਆ) ਨੂੰ ਕੀ ਨਾਮ ਦਿੱਤਾ ਜਾਂਦਾ ਹੈ ?**

ਉੱਤਰ- ਗਲੋਬ ਦੇ ਉੱਤਰੀ ਪੇਚ ਦੇ ਸਿਰੇ ਨੂੰ ਉੱਤਰੀ ਧਰੁਵ ਅਤੇ ਦੱਖਣੀ ਪੇਚ ਦੇ ਸਿਰੇ ਨੂੰ ਦੱਖਣੀ ਧਰੁਵ ਕਿਹਾ ਜਾਂਦਾ ਹੈ ।

**ਪ੍ਰਸ਼ਨ -3.ਦੋਨਾ ਧਰੁਵਾਂ ਨੂੰ ਮਿਲਾਉਣ ਵਾਲੀਆਂ ਅਰਧ ਗੋਲਾਕਾਰ ਰੇਖਾਵਾਂ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?**

ਉੱਤਰ-ਦਿਸ਼ਾਂਤਰ ਰੇਖਾਵਾਂ ।

**ਪ੍ਰਸ਼ਨ-4.ਗੋਲਾ-ਅਰਧ ਦਾ ਕੀ ਅਰਥ ਹੈ ? ਉਸ ਰੇਖਾ ਦਾ ਨਾਂ ਦੱਸੋ ਜਿਹੜੀ ਧਰਤੀ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ ।**

ਉੱਤਰ- ਧਰਤੀ (ਗੋਲੇ) ਦੇ ਅੱਧੇ ਹਿੱਸੇ ਨੂੰ ਗੋਲਾ ਅਰਧ ਕਹਿੰਦੇ ਹਨ ।ਭੂ ਮੱਧ ਰੇਖਾ ਧਰਤੀ ਨੂੰ ਦੋ ਸਮਾਨ ਭਾਗਾਂ ਵਿੱਚ ਵੰਡਦੀ ਹੈ ।

**ਪ੍ਰਸ਼ਨ-5 ਮੁੱਖ ਮਾਧਿਅਮ ਰੇਖਾ ਕਿਸਨੂੰ ਆਖਦੇ ਹਨ ਅਤੇ ਇਹ ਕਿਥੋਂ ਗੁਜਰਦੀ ਹੈ ?**

ਉਤਰ- 0° ਦੇਸ਼ਾਂਤਰ ਨੂੰ ਮੁੱਖ ਮਾਧਿਅਮ ਰੇਖਾ ਆਖਦੇ ਹਨ। ਇਹ ਇੰਗਲੈਂਡ ਦੇ ਗ੍ਰੀਨਵਿਚ ਨਾਂ ਦੇ ਸਥਾਨ ਤੋ ਗੁਜਰਦੀ ਹੈ ।

**ਪ੍ਰਸ਼ਨ-6 ਅਕਸ਼ਾਂਸ ਅਤੇ ਦਿਸ਼ਾਂਤਰ ਵਿੱਚ ਅੰਤਰ ਦੱਸੋ ।**

ਉਤਰ- 1. ਕਿਸੇ ਸਥਾਨ ਦੀ ਭੂ-ਮੱਧ ਰੇਖਾ ਤੋਂ ਉੱਤਰ ਜਾਂ ਦੱਖਣ ਦੀ ਕੋਣੀ ਦੂਰੀ ਨੂੰ ਅਕਸ਼ਾਂਸ ਕਹਿੰਦੇ ਹਨ। ਇਸ ਤੋਂ ਉਲਟ ਦਿਸ਼ਾਂਤਰ ਕਿਸੇ ਸਥਾਨ ਦੀ ਮੁੱਖ ਮਾਧਿਅਮ ਤੋਂ ਦੂਰੀ ਨੂੰ ਦਰਸਾਉਂਦਾ ਹੈ ।

2. ਅਕਸ਼ਾਂਸਾਂ ਦੀ ਗਿਣਤੀ 180 ਹੈ ,ਜਦਕਿ ਦਿਸ਼ਾਂਤਰਾਂ ਦੀ ਗਿਣਤੀ 360 ਹੈ ।

3. ਅਕਸ਼ਾਂਸ ਦੇ ਨਾਲ ਉ. ਜਾਂ ਦੱ. ਲਿਖਿਆ ਜਾਂਦਾ ਹੈ ਪਰ ਦਿਸ਼ਾਂਤਰਾਂ ਦੇ ਨਾਲ ਪੂ. ਜਾਂ ਪੱ. ਲਿਖਿਆ ਜਾਂਦਾ ਹੈ ।

**ਪ੍ਰਸ਼ਨ-7 ਧਰਤੀ ਜਾਂ ਗਲੋਬ ਨੂੰ ਕਿੰਨੇ ਦਿਸ਼ਾਂਤਰਾਂ ਵਿੱਚ ਵੰਡਿਆ ਗਿਆ ਹੈ ?**

ਉੱਤਰ- 360 ਦਿਸ਼ਾਂਤਰਾਂ ਵਿੱਚ ।

**ਪ੍ਰਸ਼ਨ-8. ਗਲੋਬ ਦਾ ਸਭ ਤੋਂ ਵੱਡਾ ਚੱਕਰ ਕਿਹੜਾ ਹੈ ? ਉਸਦਾ ਨਾਮ ਦੱਸੋ ।**

ਉੱਤਰ- 0° ਅਕਸ਼ਾਂਸ ਦਾ ਚੱਕਰ ਗਲੋਬ ਦਾ ਸਭ ਤੋਂ ਵੱਡਾ ਚੋਕਰ ਹੈ। ਇਸਨੂੰ ਭੂ- ਮੱਧ ਰੇਖਾ ਕਿਹਾ ਜਾਂਦਾ ਹੈ ।

**ਪ੍ਰਸ਼ਨ-9 ਅਕਸ਼ਾਂਸ਼ ਰੇਖਾਵਾਂ ਅਤੇ ਦਿਸ਼ਾਂਤਰ ਰੇਖਾਵਾਂ ਵਿੱਚ ਅੰਤਰ ਦੱਸੋ ।**

Harbanssorkhnath

ਉੱਤਰ-ਅਕਸ਼ਾਂਸ਼ ਰੇਖਾਵਾਂ ਪੂਰਵ-ਪੱਛਮ ਦਿਸ਼ਾ ਵਿੱਚ ਭੂ ਮੱਧ ਰੇਖਾ ਦੇ ਸਮਾਂਤਰ ਗੋਲਾਕਾਰ ਰੇਖਾਵਾਂ ਹਨ ਜਦਕਿ ਦਿਸ਼ਾਂਤਰ ਰੇਖਾਵਾਂ ਉੱਤਰ ਤੋਂ ਦੱਖਣ ਵੱਲ ਹਨ।ਅਕਸ਼ਾਂਸ਼ ਰੇਖਾਵਾਂ ਲੇਟਵੀਆਂ ਰੇਖਾਵਾਂ ਹਨ ਜਦਕਿ ਦਿਸ਼ਾਂਤਰ ਰੇਖਾਵਾਂ ਖੜੇ ਰੂਪ ਵਿੱਚ ਹਨ।ਪੂਰੇ ਗਲੋਬ ਤੇ $180^\circ$ ਅਕਸ਼ਾਂਸ਼ ਰੇਖਾਵਾਂ ਖਿੱਚੀਆਂ ਗਈਆਂ ਹਨ।ਦਿਸ਼ਾਂਤਰਾਂ ਦੀ ਗਿਣਤੀ 360 ਹੈ।

## ਪਾਠ-2

**ਪ੍ਰਸ਼ਨ 10. ਦਿਸ਼ਾਂਤਰ ਦਾ ਕੀ ਮਹੱਤਵ ਹੈ ?**

ਉੱਤਰ-**(ੳ) ਸਥਿਤੀ ਦਾ ਗਿਆਨ-** ਦਿਸ਼ਾਂਤਰਾਂ ਦੀ ਸਹਾਇਤਾ ਨਾਲ ਅਸੀਂ ਕਿਸੇ ਵੀ ਸਥਾਨ ਦੀ ਪੂਰਵ ਤੋਂ ਪੱਛਮ ਦੂਰੀ ਪਤਾ ਲਗਾ ਸਕਦੇ ਹਾਂ ।

**(ਅ) ਸਮੇਂ ਦਾ ਗਿਆਨ**- ਦਿਸ਼ਾਂਤਰਾਂ ਨਾਲ ਅਸੀਂ ਕਿਸੇ ਸਥਾਨ ਦੇ ਸਥਾਨਕ ਸਮੇਂ ਦਾ ਪਤਾ ਲਗਾ ਸਕਦੇ ਹਾਂ ।ਹਰੇਕ ਦੋ ਦਿਸ਼ਾਂਤਰਾਂ ਵਿਚਕਾਰ 4 ਮਿੰਟ ਦੇ ਸਮੇਂ ਦਾ ਅੰਤਰ ਹੂੰਦਾ ਹੈ ।

**ਪ੍ਰਸ਼ਨ- 11 ਕਿਹੜੀਆਂ ਰੇਖਾਵਾਂ ਤਾਪ ਖੰਡ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ ?**

ਉੱਤਰ- ਅਕਸ਼ਾਂਸ਼ ਰੇਖਾਵਾਂ ਤਾਪ ਖੰਡ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ ।ਧਰਤੀ ਗੋਲ ਹੋਣ ਕਾਰਨ ਜਿੱਥੇ ਸੂਰਜ ਦੀਆਂ ਕਿਰਨਾਂ ਸਿੱਧੀਆਂ ਪੈਂਦੀਆਂ ਹਨ ਉਹ ਸਥਾਨ ਗਰਮ ਹੁੰਦੇ ਹਨ ਅਤੇ ਜਿੱਥੇ ਸੂਰਜ ਦੀਆਂ ਕਿਰਨਾਂ ਤਿਰਛੀਆਂ ਪੈਂਦੀਆਂ ਹਨ ਉਹ ਸਥਾਨ ਠੰਡੇ ਹੁੰਦੇ ਹਨ । ਇਸ ਲਈ ਤਾਪ ਖੰਡ ਬਣਾਉਣ ਦੀ ਲੋੜ ਪੈਂਦੀ ਹੈ ।

**ਪ੍ਰਸ਼ਨ-12 ਸਥਾਨਿਕ ਅਤੇ ਭਾਰਤੀ ਪ੍ਰਮਾਨਿਕ ਸਮੇਂ ਵਿੱਚ ਅੰਤਰ ਦੱਸੋ ।**

ਉੱਤਰ- ਸਥਾਨਿਕ ਸਮਾਂ ਕਿਸੇ ਵਿਸ਼ੇਸ਼ ਸਥਾਨ ਤੇ ਦੁਪਿਹਰ 12 ਵਜੇ ਦੇ ਸੂਰਜ ਦੇ ਅਨੁਸਾਰ ਹੂੰਦਾ ਹੈ ।ਜਦਕਿ ਪ੍ਰਮਾਨਿਕ ਸਮਾਂ ਕਿਸੇ ਦੇਸ਼ ਦੇ ਮੱਧਵਰਤੀ ਸਥਾਨ ਦੇ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ ।ਭਾਰਤੀ ਪ੍ਰਮਾਨਿਕ ਸਮਾਂ ਗ੍ਰੀਨਵਿਚ ਦੇ ਸਮੇਂ ਤੋਂ 5 ਘੰਟੇ 30 ਮਿੰਟ ਅੱਗੇ ਹੈ ।

### ਖਾਲੀ ਥਾਵਾਂ ਭਰੋ

1) ਅਕਸ਼ਾਂਸ਼ 2) $23\frac{1}{2}^\circ$ 3) ਗਰਿਡ ਜਾਂ ਜਾਲ 4) ਸਮਾਨ 5) ਗੀਨਵਿੱਚ 6) $82\frac{1}{2}^\circ$ ਪੂ 7) 5 ਘੰਟੇ 30 ਮਿੰਟ

### ਸਹੀ ਗਲਤ

1) ਸਹੀ 2) ਗਲਤ 3) ਸਹੀ 4) ਸਹੀ

## ਪਾਠ-9

## (ਆਦਿ ਮਨੁੱਖ- ਪੱਥਰ ਯੁੱਗ)

**ਪ੍ਰਸ਼ਨ-1 'ਪੁਰਾਣਾ ਪੱਥਰ ਯੁੱਗ' ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਪੁਰਾਣਾ ਪੱਥਰ ਯੁੱਗ ਉਸ ਯੁੱਗ ਨੂੰ ਕਿਹਾ ਜਾਂਦਾ ਹੈ ਜਦੋਂ ਮਨੁੱਖ ਦਾ ਰਹਿਣ- ਸਹਿਣ ਜਾਨਵਰਾਂ ਵਰਗਾ ਸੀ ।ਉਹ ਕੁਦਰਤੀ ਵਸਤਾਂ ਤੇ ਨਿਰਭਰ ਸੀ । ਉਸਨੂੰ ਅੱਗ ਦਾ ਕੋਈ ਗਿਆਨ ਨਹੀਂ ਸੀ ਅਤੇ ਉਹ ਕੰਦ-ਮੂਲ ਅਤੇ ਕੱਚਾ ਮਾਸ ਖਾਂਦਾ ਸੀ ।ਉਹ ਸ਼ਿਕਾਰ ਕਰਨ ਲਈ ਪੱਥਰ ਦੇ ਬਣੇ ਹਥਿਆਰਾਂ ਦੀ ਵਰਤੋ ਕਰਦਾ ਸੀ।

Harbansgorkhnath

**ਪ੍ਰਸ਼ਨ-2 ਨਵੇਂ ਪੱਥਰ ਯੁੱਗ ਦੇ ਪੰਜ ਲੱਛਣ ਦੱਸੋ ।**

ਉੱਤਰ ਪੱਥਰ ਯੁੱਗ ਦੇ ਤੀਸਰੇ ਅਤੇ ਅੰਤਿਮ ਯੁੱਗ ਨੂੰ ਨਵਾਂ ਪੱਥਰ ਯੁੱਗ ਕਿਹਾ ਜਾਂਦਾ ਹੈ ।ਇਸ ਦੇ ਲੱਛਣ ਹੇਠ ਲਿਖੇ ਸਨ:-

1.ਮਨੁੱਖ ਇੱਕ ਥਾਂ ਟਿਕ ਕੇ ਰਹਿਣ ਲੱਗ ਪਿਆ ਸੀ । ਉਸ ਨੇ ਭੋਜਣ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ ਸੀ ।

2.ਉਸ ਨੇ ਆਪਣੇ ਔਜ਼ਾਰ ਪਹਿਲਾਂ ਨਾਲੋਂ ਤੇਜ਼ ਅਤੇ ਹਲਕੇ ਬਣਾ ਲਏ ਸਨ ।

3.ਉਸ ਨੇ ਭੋਜਣ ਪਕਾਉਣ ਅਤੇ ਰੱਖਣ ਲਈ ਮਿੱਟੀ ਦੇ ਬਰਤਨ ਬਣਾਉਣੇ ਸਿੱਖ ਲਏ ਸਨ।

4.ਉਸ ਨੇ ਗੁਫਾਵਾਂ ਦੀਆਂ ਦੀਵਾਰਾਂ ਉੱਤੇ ਚਿੱਤਰ ਬਣਾਉਣੇ ਸਿੱਖ ਲਏ ਸਨ ।

5.ਉਸ ਨੇ ਪੱਥਰਾਂ, ਹਾਥੀ ਦੰਦਾਂ ਤੋਂ ਤਿਆਰ ਗਹਿਣੇ ਪਹਿਣਨੇ ਸ਼ੁਰੂ ਕਰ ਦਿੱਤੇ ਸਨ।

**ਪ੍ਰਸ਼ਨ-3 ਮੱਧ ਪੱਥਰ ਯੁੱਗ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ-ਪੁਰਾਤਨ ਪੱਥਰ ਯੁੱਗ ਤੋਂ ਬਾਅਦ ਮੱਧ ਪੱਥਰ ਯੁੱਗ ਆਇਆ ।ਇਸ ਯੁੱਗ ਵਿੱਚ ਮਨੁੱਖ ਨੇ ਕਈ ਨਵੀਆਂ ਚੀਜਾਂ ਸਿੱਖੀਆਂ । ਉਸ ਨੇ ਟੁੱਟੇ ਹੋਏ ਪੱਥਰ ਦੇ ਟੁਕੜਿਆਂ ਦੀ ਥਾਂ ਨੁਕੀਲੇ ਅਤੇ ਘੜੇ ਹੋਏ ਪੱਥਰਾਂ ਦੇ ਹਥਿਆਰ, ਕੁਹਾੜੀ, ਗੰਡਾਸੇ ਆਦਿ ਬਣਾਉਣੇ ਸਿੱਖ ਲਏ। ਉਸ ਨੇ ਅਨਾਜ ਨੂੰ ਸੰਭਾਲ ਕੇ ਰੱਖਣਾ ਸ਼ੁਰੂ ਕਰ ਦਿੱਤਾ।ਉਸ ਨੇ ਝੋਪੜੀਆਂ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ।

**ਪ੍ਰਸ਼ਨ-4 ਪਹੀਏ ਦੀ ਖੋਜ ਨੇ ਮਨੁੱਖ ਦੀ ਕਿਸ ਤਰਾਂ ਸਹਾਇਤਾ ਕੀਤੀ ?**

ਉੱਤਰ- 1.ਮਨੁੱਖ ਨੇ ਪਹੀਏ ਦੀ ਖੋਜ ਨਾਲ ਅਸਾਨੀ ਨਾਲ ਸਮਾਨ ਢੋਣਾ ਸਿੱਖ ਲਿਆ।

1. ਮਨੁੱਖ ਨੇ ਪਹੀਏ ਦੀ ਸਹਾਇਤਾ ਨਾਲ ਮਿੱਟੀ ਦੇ ਬਰਤਨ ਬਣਾਉਣੇ ਵੀ ਸਿੱਖ ਲਏ।

**ਪ੍ਰਸ਼ਨ-5 ਗੁਫਾ ਚਿੱਤਰਕਾਰੀ ਬਾਰੇ ਇੱਕ ਨੋਟ ਲਿਖੋ।**

ਉੱਤਰ-ਆਦਿ ਮਨੁੱਖ ਗੁਫਾਵਾਂ ਵਿੱਚ ਤਿੱਖੇ ਪੱਥਰਾਂ ਅਤੇ ਰੰਗਾਂ ਨਾਲ ਚਿੱਤਰ ਬਣਾਉਂਦਾ ਸੀ।ਇਹ ਚਿੱਤਰ ਆਮ ਤੌਰ ਤੇ ਰੇਖਾ ਚਿੱਤਰ ਹੁੰਦੇ ਸਨ।ਮੱਧ ਪ੍ਰਦੇਸ਼ ਵਿੱਚ ਭੀਮ ਬੈਠਕਾ ਸਥਾਨ ਤੇ ਕਈ ਚਿੱਤਰ ਮਿਲੇ ਹਨ ਜਿਨ੍ਹਾਂ ਵਿੱਚ ਮਨੁੱਖ ਨੂੰ ਨੱਚਦੇ ਹੋਏ ਦਿਖਾਇਆ ਗਿਆ ਹੈ।

**ਸਹੀ ਜੋੜੇ ਬਣਾਓ-**

ਉੱਤਰ-

| | |
|---|---|
| 1. ਪੂਰਵ ਪੱਥਰ ਯੁੱਗ | (ੳ) ਘਰੇਲੂ ਮਾਨਵ |
| 2. ਮੈਸੋਲਿਥਿਕ ਪੀਰੀਅਡ | (ਸ) ਮੱਧ ਪੱਥਰ ਯੁੱਗ |
| 3. ਭੀਮ ਬੈਠਕਾ | (ਅ) ਘਰੇਲੂ ਚਿੱਤਰ |
| 4. ਸ਼ਿਕਾਰੀ- ਸੰਗ੍ਰਿਹਕ | (ੲ) ਪ੍ਰਾਚੀਨ ਪੱਥਰ ਯੁੱਗ |

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (X) 2. (X) 3.(√) 4. (X)

**ਪਾਠ-10**

Harbans gorkhnath

## ਹੜੱਪਾ ਸੱਭਿਅਤਾ

ਪ੍ਰਸ਼ਨ-1 ਹੜੱਪਾ ਸੱਭਿਅਤਾ ਦੇ ਮਹੱਤਵਪੂਰਨ ਨਗਰਾਂ ਦੇ ਨਾਂ ਦੱਸੋ ।

ਉਤੱਰ- ਹੜੱਪਾ, ਮੋਹਿੰਜੋਦੜੋ, ਲੋਥਲ, ਕਾਲੀਬੰਗਨ, ਬਨਾਵਾਲੀ ।

**ਪ੍ਰਸ਼ਨ-2 ਸਿੰਧ ਘਾਟੀ ਸੱਭਿਅਤਾ ਦੇ ਲੋਕਾਂ ਦੇ ਸਮਾਜਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਸਿੰਧ ਘਾਟੀ ਸਭਿਅਤਾ ਦੇ ਲੋਕਾਂ ਦਾ ਸਮਾਜਿਕ ਜੀਵਨ ਬਹੁਤ ਵਿਕਸਿਤ ਸੀ ।ਸਮਾਜ ਵਿੱਚ ਅਮੀਰ ਲੋਕ, ਕਿਸਾਨ ਅਤੇ ਮਜਦੂਰ ਲੋਕ ਰਹਿੰਦੇ ਸਨ।ਲੋਕ ਕਣਕ, ਜਵਾਰ, ਦਾਲਾਂ, ਫਲ, ਸਬਜੀਆਂ ਖਾਂਦੇ ਸਨ।ਲੋਕ ਸੂਤੀ ਅਤੇ ਊਨੀ ਕੱਪੜੇ ਪਹਿਨਦੇ ਸਨ।ਇਸਤਰੀਆ ਅਤੇ ਪੁਰਸ਼ ਦੋਵੇਂ ਗਹਿਣੇ ਪਹਿਨਦੇ ਸਨ।ਲੋਕ ਕਈ ਤਰਾਂ ਦੀਆਂ ਖੇਡਾਂ ਵੀ ਖੇਡਦੇ ਸਨ।

**ਪ੍ਰਸ਼ਨ-3 ਸਿੰਧ ਘਾਟੀ ਸੱਭਿਅਤਾ ਦੀ ਨਗਰ ਯੋਜਨਾ ਤੇ ਇੱਕ ਨੋਟ ਲਿਖੋ।**

ਉੱਤਰ-ਸਿੰਧ ਘਾਟੀ ਸੱਭਿਅਤਾ ਵਿੱਚ ਨਗਰਾਂ ਵਿੱਚ ਉੱਚੇ ਸਥਾਨਾਂ ਤੇ ਧਾਰਮਿਕ ਸਥਾਨ ਅਤੇ ਅਮੀਰ ਲੋਕਾਂ ਦੇ ਘਰ ਸਨ।ਹੇਠਲੇ ਭਾਗਾਂ ਵਿੱਚ ਆਮ ਲੋਕ ਰਹਿੰਦੇ ਸਨ।ਸੜਕਾਂ ਅਤੇ ਨਾਲੀਆਂ ਦਾ ਪ੍ਰਬੰਧ ਬਹੁਤ ਵਧੀਆ ਸੀ ।ਘਰ ਪੱਕੀਆਂ ਇੱਟਾਂ ਦੇ ਬਣੇ ਹੁੰਦੇ ਸਨ।

**ਪ੍ਰਸ਼ਨ-4 ਹੜੱਪਾ ਸੱਭਿਅਤਾ ਦੇ ਪਤਨ ਦੇ ਕੀ ਕਾਰਨ ਸਨ?**

ਉੱਤਰ- ਵੱਖ ਵੱਖ ਵਿਦਵਾਨਾਂ ਨੇ ਹੜੱਪਾ ਸੱਭਿਅਤਾ ਦੇ ਵੱਖ ਵੱਖ ਕਾਰਨ ਦੱਸੇ ਹਨ-

1.ਆਰੀਆ ਲੋਕਾਂ ਨੇ ਸਿਧ ਘਾਟੀ ਸੱਭਿਅਤਾ ਦੇ ਲੋਕਾਂ ਨਾਲ ਯੁੱਧ ਕਰਕੇ ਉਹਨਾਂ ਨੂੰ ਹਰਾ ਦਿੱਤਾ ਅਤੇ ਨਸ਼ਟ ਕਰ ਦਿੱਤਾ।

2.ਸਿੰਧ ਅਤੇ ਹੋਰ ਨਦੀਆਂ ਵਿੱਚ ਹੜ੍ਹ ਆਉਣ ਕਰਕੇ ਇਹ ਸੱਭਿਅਤਾ ਨਸ਼ਟ ਹੋ ਗਈ ।

3.ਭੁਚਾਲ ਜਾਂ ਮਹਾਂਮਾਰੀ ਕਰਕੇ ਇਸ ਸੱਭਿਅਤਾ ਦੇ ਲੋਕ ਮਾਰੇ ਗਏ।

4.ਸਿੰਧ ਘਾਟੀ ਵਿੱਚ ਰੇਗਿਸਤਾਨ ਫੈਲਣ ਕਾਰਨ ਇਹ ਲੋਕ ਕਿਤੇ ਹੋਰ ਜਾ ਕੇ ਰਹਿਣ ਲੱਗ ਪਏ।

**ਪ੍ਰਸ਼ਨ-5 ਸਿੰਧ ਘਾਟੀ ਸੱਭਿਅਤਾ ਦੇ ਲੋਕਾਂ ਦਾ ਆਰਥਿਕ ਜੀਵਨ ਕਿਸ ਤਰਾਂ ਦਾ ਸੀ ?**

ਉੱਤਰ- ਸਿੰਧ ਘਾਟੀ ਸੱਭਿਅਤਾ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਲੋਕ ਅਨਾਜ, ਸਬਜੀਆਂ ਅਤੇ ਕਪਾਹ ਉਗਾਉਂਦੇ ਸਨ।ਉਸ ਸਮੇਂ ਲੋਕ ਭੇਡਾਂ , ਬੱਕਰੀਆਂ, ਊਠ, ਘੋੜੇ, ਬਲਦ, ਹਾਥੀ ਆਦਿ ਪਸ਼ੂ ਵੀ ਪਾਲਦੇ ਸਨ।ਵਪਾਰ ਵਸਤੂਆਂ ਦੀ ਅਦਲਾ ਬਦਲੀ ਦੁਆਰਾ ਕੀਤਾ ਜਾਂਦਾ ਸੀ ।

**ਪ੍ਰਸ਼ਨ-6 ਪੰਜਾਬ ਵਿੱਚ ਹੜੱਪਾ ਸੱਭਿਅਤਾ ਦੇ ਕਿਸੇ ਦੋ ਕੇਂਦਰਾਂ ਬਾਰੇ ਲਿਖੋ।**

ਉੱਤਰ- **ਸੰਘੋਲ**-ਸੰਘੋਲ ਪਿੰਡ ਲੁਧਿਆਣਾ ਜਿਲ੍ਹੇ ਵਿੱਚ ਹੈ । ਇਸ ਨੂੰ ਉੱਚਾ ਪਿੰਡ ਵੀ ਕਿਹਾ ਜਾਂਦਾ ਹੈ ।ਇੱਥੇ ਖੁਦਾਈ ਦੌਰਾਨ ਹੜੱਪਾ ਸੱਭਿਅਤਾ ਦੇ ਸਮੇਂ ਦੇ ਮਿੱਟੀ ਦੇ ਬਰਤਨ,ਮੂਰਤੀਆ ਅਤੇ ਤਾਂਬੇ ਦੇ ਔਜਾਰ ਮਿਲੇ ਹਨ।

**ਰੋਹੀੜਾ**- ਰੋਹੀੜਾ ਪਿੰਡ ਸੰਗਰੂਰ ਜਿਲ੍ਹੇ ਵਿੱਚ ਹੈ ਇੱਥੇ ਖੁਦਾਈ ਦੌਰਾਨ ਹੜੱਪਾ ਸੱਭਿਅਤਾ ਦੇ ਸਮੇਂ ਦੇ ਬਰਤਨ, ਪੱਕੀਆ ਇੱਟਾਂ ਅਤੇ ਖਿਡੌਣੇ ਮਿਲੇ ਹਨ।

ਪ੍ਰਸ਼ਨ- ਹੇਠ ਲਿਖਿਆਂ ਦੇ ਸਹੀ ਜੋੜੇ ਬਣਾਓ-

ਉੱਤਰ- 1.ਪਸ਼ੂਪਤੀ (ੲ) ਦੇਵਤਾ 2.ਮੋਹਿੰਜੋਦੜੋ (ਸ) ਵਿਸ਼ਾਲ ਇਸ਼ਨਾਨ ਘਰ

Harbansgorkhnath

3. ਲੋਥਲ (ੳ) ਬੰਦਰਗਾਹ 4.ਚਿੱਤਰ ਲਿਪੀ (ਅ) ਲਿਖਣ ਕਲ੍ਹਾ

ਪ੍ਰਸ਼ਨ -ਹੇਠ ਲਿਖੇ ਵਾਕਾਂ ਲਈ ਸਹੀ **(√)** ਜਾਂ ਗਲਤ (X) ਦਾ ਨਿਸ਼ਾਨ ਲਗਾਓ:-

1. (X) 2.(X) 3. (X) 4. (X)

# ਪਾਠ-3 ( ਧਰਤੀ ਦੀਆਂ ਗਤੀਆਂ)

**ਪ੍ਰਸ਼ਨ-1. ਧਰਤੀ ਦੀ ਦੈਨਿਕ ਗਤੀ ਕੀ ਹੁੰਦੀ ਹੈ ?**

ਉੱਤਰ- ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੋਈ ਇੱਕ ਚੱਕਰ 24 ਘੰਟੇ ਵਿੱਚ ਪੂਰਾ ਕਰਦੀ ਹੈ।ਇਸਨੂੰ ਧਰਤੀ ਦੀ ਦੈਨਿਕ ਗਤੀ ਕਹਿੰਦੇ ਹਨ।ਇਸ ਨਾਲ ਦਿਨ ਅਤੇ ਰਾਤ ਬਣਦੇ ਹਨ।

**ਪ੍ਰਸ਼ਨ-2.ਧਰਤੀ ਦੇ ਧੁਰੇ ਦੇ ਝੁਕਾਓ ਦਾ ਕੀ ਅਰਥ ਹੈ ?**

ਉੱਤਰ- ਧਰਤੀ ਦਾ ਧੁਰਾ ਇੱਕ ਕਾਲਪਨਿਕ ਰੇਖਾ ਹੈ।ਇਹ ਧਰਤੀ ਦੇ ਵਿੱਚੋਂ ਗੁਜ਼ਰਦਾ ਹੈ।ਇਹ ਆਪਣੇ ਪੱਥ ਰੇਖਾ ਵੱਲ $23^{1/2}$ ਡਿਗਰੀ ਦਾ ਕੋਣ ਬਣਾਉਂਦਾ ਹੈ।ਇਸਨੂੰ ਧਰਤੀ ਦੇ ਧੁਰੇ ਦਾ ਝੁਕਾਓ ਕਹਿੰਦੇ ਹਨ।

**ਪ੍ਰਸ਼ਨ-3.ਰੁੱਤਾਂ ਬਣਨ ਦੇ ਕੀ ਕਾਰਨ ਹਨ ?**

ਉੱਤਰ- 1.ਧਰਤੀ ਦਾ ਆਪਣੇ ਧੁਰੇ ਤੇ ਇੱਕ ਹੀ ਦਿਸ਼ਾ ਵਿੱਚ ਝੁਕੇ ਰਹਿਣਾ ।

2.ਧਰਤੀ ਦੁਆਰਾ $365^{1/4}$ ਦਿਨਾ ਵਿੱਚ ਸੂਰਜ ਦੁਆਲੇ ਚੱਕਰ ਲਗਾਉਣਾ।

**ਪ੍ਰਸ਼ਨ-4. 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਿੱਥੇ ਸਿੱਧੀਆਂ ਪੈਂਦੀਆਂ ਹਨ ?**

ਉੱਤਰ- ਕਰਕ ਰੇਖਾ ਤੇ ।

**ਪ੍ਰਸ਼ਨ-5.ਦੱਖਣੀ ਅਰਧ ਗੋਲੇ ਵਿੱਚ 23 ਸਤੰਬਰ ਨੂੰ ਕਿਹੜਾ ਮੌਸਮ ਹੁੰਦਾ ਹੈ ?**

ਉੱਤਰ- ਬਸੰਤ ਰੁੱਤ ।

**ਪ੍ਰਸ਼ਨ-6.ਸ਼ੀਤ ਅਯਨਾਤ ਕਦੋਂ ਹੁੰਦੀ ਹੈ ?**

ਉੱਤਰ- 22 ਦਸੰਬਰ ਨੂੰ ।

**ਪ੍ਰਸ਼ਨ-7.ਬਸੰਤ ਵਿਸੂਵੀ ਅਤੇ ਪਤਝੜ ਵਿਸੂਵੀ ਵਿੱਚ ਅੰਤਰ ਦੱਸੋ।**

ਉੱਤਰ-21 ਮਾਰਚ ਨੂੰ ਉੱਤਰੀ ਅਰਧ ਗੋਲੇ ਵਿੱਚ ਬਸੰਤ ਰੁੱਤ ਹੁੰਦੀ ਹੈ ਇਸ ਨੂੰ ਬਸੰਤ ਵਿਸੂਵੀ ਕਹਿੰਦੇ ਹਨ। 23 ਸਤੰਬਰ ਨੂੰ ਉੱਤਰੀ ਅਰਧ ਗੋਲੇ ਵਿੱਚ ਪਤਝੜ ਦੀ ਰੁੱਤ ਹੁੰਦੀ ਹੈ ਇਸ ਨੂੰ ਪਤਝੜ ਵਿਸੂਵੀ ਕਹਿੰਦੇ ਹਨ।

**ਪ੍ਰਸ਼ਨ-8 ਦੈਨਿਕ ਗਤੀ ਅਤੇ ਵਾਰਸ਼ਿਕ ਗਤੀ ਵਿੱਚ ਅੰਤਰ ਦੱਸੋ ।**

| ਦੈਨਿਕ ਗਤੀ | ਵਾਰਸ਼ਿਕ ਗਤੀ |
| --- | --- |

Harbans gorkhnath

| | |
|---|---|
| 1.ਇਸ ਗਤੀ ਵਿੱਚ ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ।<br>2.ਇਸ ਗਤੀ ਵਿੱਚ ਧਰਤੀ 24 ਘੰਟੇ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ।<br>3.ਇਸ ਗਤੀ ਨਾਲ ਦਿਨ ਅਤੇ ਰਾਤ ਬਣਦੇ ਹਨ। | 1.ਇਸ ਗਤੀ ਵਿੱਚ ਧਰਤੀ ਸੂਰਜ ਦੁਆਲੇ ਘੁੰਮਦੀ ਹੈ।<br>2.ਇਸ ਗਤੀ ਵਿੱਚ ਧਰਤੀ $365^{1/4}$ ਦਿਨਾਂ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ।<br>3.ਇਸ ਗਤੀ ਨਾਲ ਦਿਨ ਅਤੇ ਰਾਤ ਛੋਟੇ ਵੱਡੇ ਹੁੰਦੇ ਹਨ ਅਤੇ ਰੁੱਤਾਂ ਬਣਦੀਆਂ ਹਨ। |

**ਪ੍ਰਸ਼ਨ-9. ਦੱਖਣੀ ਅਰਧ ਗੋਲੇ ਵਿੱਚ 23 ਸਤੰਬਰ ਨੂੰ ਕਿਹੜਾ ਮੌਸਮ ਹੁੰਦਾ ਹੈ ?**

ਉੱਤਰ- ਬਸੰਤ ਰੁੱਤ ।

**ਕਾਰਨ ਦੱਸੋ:-**

**ਪ੍ਰਸ਼ਨ-(ੳ).ਸੂਰਜ ਪੂਰਵ ਵਿੱਚੋਂ ਨਿੱਕਲਦਾ ਹੈ ਅਤੇ ਪੱਛਮ ਵਿੱਚ ਛਿਪਦਾ ਹੈ ।**

ਉੱਤਰ-ਸਾਡੀ ਧਰਤੀ ਆਪਣੇ ਧੁਰੇ ਤੇ ਪੱਛਮ ਤੋਂ ਪੂਰਵ ਵੱਲ ਘੁੰਮਦੀ ਹੈ ਪਰ ਸੂਰਜ ਆਪਣੀ ਥਾਂ ਤੇ ਖੜਾ ਹੈ।ਇਸ ਲਈ ਸਾਨੂੰ ਸੂਰਜ ਪੂਰਵ ਵਿੱਚੋਂ ਨਿੱਕਲਦਾ ਅਤੇ ਪੱਛਮ ਵਿੱਚ ਛਿਪਦਾ ਪ੍ਰਤੀਤ ਹੁੰਦਾ ਹੈ ।

**ਪ੍ਰਸ਼ਨ-(ਅ) ਦਿਨ ਅਤੇ ਰਾਤ ਹਮੇਸ਼ਾ ਬਰਾਬਰ ਨਹੀਂ ਹੁੰਦੇ ।**

ਉੱਤਰ- ਧਰਤੀ $66^{1/2}$ ਡਿਗਰੀ ਦੇ ਕੌਣ ਤੇ ਝੁਕੀ ਹੋਈ ਹੈ ਜਿਸ ਕਾਰਨ ਹਰ ਸਥਾਨ ਤੇ ਸੂਰਜ ਦੀਆਂ ਕਿਰਨਾਂ ਧਰਤੀ ਤੇ ਸਿੱਧੀਆਂ ਨਹੀਂ ਪੈਂਦੀਆਂ।ਘੁੰਮਦੇ ਹੋਏ ਕਦੀ ਉੱਤਰੀ ਧਰੁਵ ਸੂਰਜ ਵੱਲ ਝੁਕਿਆ ਹੁੰਦਾ ਹੈ ਅਤੇ ਕਦੀ ਦੱਖਣੀਂ ਧਰੁਵ। ਇਸ ਲਈ ਦਿਨ ਅਤੇ ਰਾਤ ਬਰਾਬਰ ਨਹੀਂ ਹੁੰਦੇ।

**ਪ੍ਰਸ਼ਨ-(ੲ) 21 ਜੂਨ ਨੂੰ ਦੱਖਣੀਂ ਧਰੁਵ ਤੇ ਲਗਾਤਾਰ ਅੰਧੇਰਾ ਹੁੰਦਾ ਹੈ ।**

ਉੱਤਰ- 21 ਜੂਨ ਨੂੰ ਉੱਤਰੀ ਧਰੁਵ ਸੂਰਜ ਵੱਲ ਝੁਕਿਆ ਹੁੰਦਾ ਹੈ। ਸੂਰਜ ਦੀਆਂ ਕਿਰਨਾਂ ਦੱਖਣੀਂ ਧਰੁਵ ਤੱਕ ਨਹੀਂ ਪਹੁੰਚਦੀਆਂ । ਇਸ ਲਈ ਦੱਖਣੀਂ ਧਰੁਵ ਤੇ ਲਗਾਤਾਰ ਅੰਧੇਰਾ ਹੁੰਦਾ ਹੈ ।

**ਪ੍ਰਸ਼ਨ-(ਸ) ਸੂਰਜ, ਚੰਨ ਤੇ ਤਾਰੇ ਪ੍ਰਿਥਵੀ ਦੁਆਲੇ ਪੂਰਵ ਤੋਂ ਪੱਛਮ ਵੱਲ ਘੁੰਮਦੇ ਕਿਉਂ ਨਜ਼ਰ ਆਉਂਦੇ ਹਨ?**

ਉੱਤਰ-ਕਿਉਂਕਿ ਧਰਤੀ ਆਪਣੀ ਧੁਰੀ ਦੁਆਲੇ ਪੱਛਮ ਤੋਂ ਪੂਰਵ ਵੱਲ ਘੁੰਮਦੀ ਹੈ ਇਸ ਲਈ ਸਾਨੂੰ ਸੂਰਜ, ਚੰਨ ਤੇ ਤਾਰੇ ਉਲਟ ਦਿਸ਼ਾ ਵਿੱਚ ਭਾਵ ਪੂਰਵ ਤੋਂ ਪੱਛਮ ਵੱਲ ਘੁੰਮਦੇ ਨਜ਼ਰ ਆਉਂਦੇ ਹਨ।

**ਪ੍ਰਸ਼ਨ-(ਹ) ਲੀਪ ਦੇ ਸਾਲ ਦਾ ਕੀ ਅਰਥ ਹੈ ? ਇੱਕ ਆਮ ਸਾਲ ਨਾਲੋਂ ਲੀਪ ਦੇ ਸਾਲ ਵਿੱਚ ਇੱਕ ਦਿਨ ਵੱਧ ਕਿਉਂ ਹੁੰਦਾ ਹੈ?**

ਉੱਤਰ-ਧਰਤੀ ਸੂਰਜ ਦੇ ਚਾਰੇ ਪਾਸੇ ਇੱਕ ਚੱਕਰ ਪੂਰਾ ਕਰਨ ਵਿੱਚ $365^{1/4}$ ਦਿਨ ਦਾ ਸਮਾਂ ਲੈਂਦੀ ਹੈ।ਇਸ ਲਈ ਹਰੇਕ ਸਾਲ ¼ ਦਿਨ ਦਾ ਸਮਾਂ ਬਚ ਜਾਂਦਾ ਹੈ ।ਇਸ ਸਮੇਂ ਨੂੰ ਪੂਰਾ ਕਰਨ ਲਈ ਅਸੀਂ ਚਾਰ ਸਾਲਾਂ ਬਾਅਦ ਸਾਲ ਵਿੱਚ ਇੱਕ ਦਿਨ ਜੋੜ ਦਿੰਦੇ ਹਾਂ ਇਸਨੂੰ ਲੀਪ ਦਾ ਸਾਲ ਕਹਿੰਦੇ ਹਨ।

**ਖਾਲੀ ਥਾਵਾਂ ਭਰੋ:-**

1.ਧਰਤੀ **ਪੱਛਮ** ਦਿਸ਼ਾ ਤੋਂ **ਪੂਰਵ** ਦਿਸ਼ਾ ਵੱਲ ਘੁੰਮਦੀ ਹੈ ।

2. **ਧੁਰਾ** ਇੱਕ ਕਲਪਿਤ ਕਿੱਲੀ ਹੈ ਜਿਸ ਦੇ ਦੁਆਲੇ ਧਰਤੀ ਘੁੰਮਦੀ ਹੈ ।

3.ਧਰਤੀ ਜਿਸ ਪੱਥ ਰਾਹੀਂ ਸੂਰਜ ਦੁਆਲੇ ਚੱਕਰ ਕੱਟਦੀ ਹੈ ਨੂੰ **ਪੱਥ-ਰੇਖਾ** ਆਖਦੇ ਹਨ।

4.**ਧਰੁਵੀ** ਖੇਤਰਾਂ ਵਿੱਚ ਛੇ ਮਹੀਨੇ ਦਾ ਦਿਨ ਅਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ ।

## ਪਾਠ-11

## ਵੈਦਿਕ ਸੱਭਿਅਤਾ

ਪ੍ਰਸ਼ਨ-1.ਰਿਗਵੇਦ ਕਾਲ ਦੀ ਰਾਜਨੀਤਿਕ ਅਵਸਥਾ ਬਾਰੇ ਪੰਜ ਵਾਕ ਲਿਖੋ ।

ਉੱਤਰ-1.ਉਸ ਸਮੇਂ ਰਾਜ ਛੋਟੇ-ਛੋਟੇ ਕਬੀਲਿਆਂ ਵਿੱਚ ਵੰਡਿਆ ਹੋਇਆ ਸੀ।

2.ਰਾਜਾ ਰਾਜ ਦਾ ਮੁਖੀ ਹੁੰਦਾ ਸੀ ।

3.ਕਈ ਥਾਵਾਂ ਤੇ ਰਾਜੇ ਦੀ ਚੋਣ ਹੁੰਦੀ ਸੀ ਪ੍ਰੰਤੂ ਆਮ ਤੌਰ ਤੇ ਰਾਜੇ ਦਾ ਪੁੱਤਰ ਹੀ ਰਾਜਾ ਬਣਦਾ ਸੀ।

4.ਸਭਾ ਅਤੇ ਸਮਿਤੀ ਰਾਜੇ ਦੀ ਸਹਾਇਤਾ ਕਰਨ ਲਈ ਦੋ ਸੰਸਥਾਵਾਂ ਹੁੰਦੀਆਂ ਸਨ।

5.ਪ੍ਰੋਹਿਤ, ਸੈਨਾਨੀ ਅਤੇ ਗ੍ਰਾਮਣੀਂ ਆਦਿ ਰਾਜੇ ਦੀ ਸਹਾਇਤਾ ਕਰਨ ਲਈ ਅਧਿਕਾਰੀ ਹੁੰਦੇ ਸਨ।

ਪ੍ਰਸ਼ਨ-2.ਵੈਦਿਕ ਲੋਕ ਕਿਹੜੇ ਦੇਵਤਿਆਂ ਦੀ ਪੂਜਾ ਕਰਦੇ ਸਨ?

ਉੱਤਰ-ਵੈਦਿਕ ਲੋਕ ਤਿੰਨ ਤਰ੍ਹਾਂ ਦੇ ਦੇਵਤਿਆਂ ਦੀ ਪੂਜਾ ਕਰਦੇ ਸਨ:-

1.ਪ੍ਰਿਥਵੀ ਦੇ ਦੇਵਤਾ:-ਜਿਵੇਂ ਪ੍ਰਿਥਵੀ , ਅਗਨੀਂ, ਸੋਮ

2.ਆਕਾਸ਼ ਦੇ ਦੇਵਤਾ:- ਜਿਵੇਂ ਇੰਦਰ, ਵਾਯੂ, ਮਾਰੂਤ

3.ਪੁਲਾੜ ਦੇ ਦੇਵਤਾ:-ਜਿਵੇਂ ਵਰੁਣ, ਸੂਰਜ ਆਦਿ।

ਪ੍ਰਸ਼ਨ-3.ਵੈਦਿਕ ਕਾਲ ਸਮੇਂ ਸਮਾਜਿਕ ਜੀਵਨ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਸਨ?

ਉੱਤਰ-1. ਉਸ ਸਮੇਂ ਸਮਾਜ ਚਾਰ ਵਰਣਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ ।

2. ਸਮਾਜ ਦੀ ਮੁਢਲੀ ਇਕਾਈ ਪਰਿਵਾਰ ਹੁੰਦਾ ਸੀ।ਪਿਤਾ ਪਰਿਵਾਰ ਦਾ ਮੁਖੀ ਹੁੰਦਾ ਸੀ।

3. ਉਸ ਸਮੇਂ ਇਸਤਰੀਆ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਸੀ।ਇਸਤਰੀਆ ਪੜ੍ਹੀਆਂ ਲਿਖੀਆਂ ਹੁੰਦੀਆਂ ਸਨ।

4. ਵੈਦਿਕ ਲੋਕ ਭੋਜਣ ਵਿੱਚ ਕਣਕ, ਦਾਲਾਂ, ਚਾਵਲ, ਫਲ, ਸਬਜ਼ੀਆਂ, ਦੁੱਧ, ਘਿਓ ਖਾਂਦੇ ਸਨ।

5. ਵੈਦਿਕ ਲੋਕ ਪਗੜੀ, ਧੋਤੀ ਆਦਿ ਪ੍ਰਕਾਰ ਦੇ ਕੱਪੜੇ ਪਹਿਨਦੇ ਸਨ । ਇਸਤਰੀਆ ਅਤੇ ਪੁਰਸ਼ ਦੋਵੇਂ ਗਹਿਣੇ ਪਹਿਨਦੇ ਸਨ।

6. ਲੋਕ ਸ਼ਿਕਾਰ ਕਰਕੇ, ਰੱਥ-ਦੌੜ, ਘੁੜਸਵਾਰੀ ਅਤੇ ਨਾਚ ਰਾਂਹੀ ਆਪਣਾ ਮਨੋਰੰਜਨ ਕਰਦੇ ਸਨ।

ਪ੍ਰਸ਼ਨ-4.ਵੈਦਿਕ ਲੋਕਾਂ ਦੀਆ ਆਰਥਿਕ ਗਤੀਵਿਧੀਆਂ ਕੀ ਸਨ ?

ਉੱਤਰ-1. ਵੈਦਿਕ ਲੋਕ ਕਣਕ, ਜੌਂ, ਕਪਾਹ, ਚਾਵਲ ਆਦਿ ਦੀ ਖੇਤੀ ਬਲਦਾਂ ਨਾਲ ਕਰਦੇ ਸਨ।

2. ਵੈਦਿਕ ਲੋਕ ਗਾਂ, ਘੋੜਾ, ਭੇਡ, ਬੱਕਰੀ, ਬਲਦ ਆਦਿ ਪਸ਼ੂ ਪਾਲਦੇ ਸਨ।

3. ਉਸ ਸਮੇਂ ਲੁਹਾਰ, ਪਰਖਾਣ, ਜੁਲਾਹਾ , ਘੁਮਿਆਰ ਆਦਿ ਕਾਰੀਗਰ ਸਨ।

4.ਵਪਾਰ ਥਲ ਅਤੇ ਜਲ ਮਾਰਗਾਂ ਰਾਂਹੀ ਹੁੰਦਾ ਸੀ।

ਪ੍ਰਸ਼ਨ-5.ਸਪਤ ਸਿੰਧੂ ਪ੍ਰਦੇਸ਼ ਵਿੱਚ ਕਿਹੜੀਆਂ ਨਦੀਆਂ ਵਹਿੰਦੀਆਂ ਸਨ ?

ਉੱਤਰ- ਸਪਤ ਸਿੰਧੂ ਪ੍ਰਦੇਸ਼ ਤੋਂ ਭਾਵ ਸੱਤ ਨਦੀਆਂ ਦਾ ਪ੍ਰਦੇਸ਼ ਹੈ। ਉਸ ਸਮੇਂ ਵਹਿਣ ਵਾਲੀਆ ਸੱਤ ਨਦੀਆਂ ਹੇਠ ਲਿਖੀਆਂ ਸਨ-

1.ਸਿੰਧੂ 2.ਜਿਹਲਮ 3. ਚਨਾਬ 4. ਰਾਵੀ 5. ਬਿਆਸ 6.ਸਤਲੁਜ 7.ਸਰਸਵਤੀ

Harbansgorkhnath

ਹੇਠ ਲਿਖਿਆ ਦੇ ਸਹੀ ਜੋੜੇ ਬਣਾਓ:-

ਉੱਤਰ- 1. ਵਿਪਾਸ਼ (ਸ) ਇੱਕ ਨਦੀ

2.ਸਭਾ (ੳ) ਰਾਜਨੀਤਿਕ ਸੰਸਥਾ

3. ਆਯੁਰਵੇਦ (ਅ) ਚਿਕਿਤਸਾ ਸ਼ਾਸਤਰ

4. ਵਰੁਣ (ੲ) ਇੱਕ ਦੇਵਤਾ

ਪ੍ਰਸ਼ਨ -ਹੇਠ ਲਿਖੇ ਵਾਕਾਂ ਲਈ ਸਹੀ **(√)** ਜਾਂ ਗਲਤ (X) ਦਾ ਨਿਸ਼ਾਨ ਲਗਾਓ:-

1.ਪਰੂਸ਼ਨੀ ਇੱਕ ਨਦੀ ਦਾ ਨਾਮ ਹੈ। **(√)**

2.ਵੈਦਿਕ ਕਾਲ ਵਿੱਚ ਇੰਦਰ ਵਰਖਾ ਦਾ ਦੇਵਤਾ ਸੀ। **(√)**

3.ਵੈਦਿਕ ਕਾਲ ਦੇ ਲੋਕਾਂ ਲਈ ਗਊ ਪਵਿੱਤਰ ਨਹੀਂ ਸੀ। (X)

4.ਵੈਦਿਕ ਕਾਲ ਵਿੱਚ ਇਸਤਰੀਆ ਦਾ ਆਦਰ ਨਹੀਂ ਹੁੰਦਾ ਸੀ। (X)

## ਪਾਠ-4

## ਨਕਸ਼ੇ- ਸਾਡੇ ਕਿਵੇਂ ਮਦਦਗਾਰ

**ਪ੍ਰਸ਼ਨ.1- ਨਕਸ਼ਾ ਕੀ ਹੈ ?**

ਉੱਤਰ- ਇੱਕ ਨਕਸ਼ਾ ਪੂਰੀ ਧਰਤੀ ਦਾ ਜਾਂ ਕੁਝ ਭਾਗ ਦਾ ਪੈਮਾਨੇ ਅਨੁਸਾਰ ਪੱਧਰੀ ਸਤ੍ਹ ਤੇ ਖਿੱਚਿਆ ਹੋਇਆ ਰੂਪ ਹੈ ।

**ਪ੍ਰਸ਼ਨ.2- ਗਲੋਬ ਕੀ ਹੈ ?**

ਉੱਤਰ- ਗਲੋਬ ਧਰਤੀ ਦਾ ਸਹੀ ਰੂਪ ਵਿੱਚ ਮਾਡਲ ਹੁੰਦਾ ਹੈ।

**ਪ੍ਰਸ਼ਨ.3- ਨਕਸ਼ੇ ਅਤੇ ਗਲੋਬ ਵਿੱਚ ਅੰਤਰ ਦੱਸੋ ।**

ਉੱਤਰ- ਗਲੋਬ ਧਰਤੀ ਦਾ ਮਾਡਲ ਹੁੰਦਾ ਹੈ।ਇਹ ਧਰਤੀ ਦੀ ਤਰ੍ਹਾਂ ਹੀ ਗੋਲ ਅਤੇ ਝੁਕਿਆ ਹੋਇਆ ਹੁੰਦਾ ਹੈ ਜਦਕਿ ਨਕਸ਼ਾ ਪੱਧਰੀ ਸਤ੍ਹਾ ਤੇ ਖਿੱਚਿਆ ਜਾਂਦਾ ਹੈ ।

**ਪ੍ਰਸ਼ਨ.4-ਨਕਸ਼ੇ ਕਿਉਂ ਬਣਾਏ ਗਏ ਹਨ ? ਇਹਨਾਂ ਦੀ ਮਹੱਤਤਾ ਦੱਸੋ ।**

ਉੱਤਰ-1.ਨਕਸ਼ੇ ਕਿਸੇ ਸਥਾਨ ਦੀ ਸਥਿਤੀ ਪਤਾ ਕਰਨ ਲਈ ਬਣਾਏ ਜਾਂਦੇ ਹਨ।

2. ਨਕਸ਼ੇ ਇੱਕ ਸਥਾਨ ਦੀ ਦੂਸਰੇ ਸਥਾਨ ਤੋਂ ਦੂਰੀ ਅਤੇ ਸਮਾਂ ਪਤਾ ਕਰਨ ਵਿੱਚ ਸਾਡੀ ਸਹਾਇਤਾ ਕਰਦੇ ਹਨ।

3. ਨਕਸ਼ਿਆਂ ਦੀ ਸਹਾਇਤਾ ਨਾਲ ਅਸੀਂ ਸੜਕਾਂ, ਨਦੀਆਂ, ਦਰਿਆ, ਰੇਲ ਦੇ ਰਸਤੇ ਆਦਿ ਪਤਾ ਕਰ ਸਕਦੇ ਹਾਂ।

**ਪ੍ਰਸ਼ਨ.5-ਵੱਖ-ਵੱਖ ਨਕਸ਼ਿਆਂ ਦੀ ਸੂਚੀ ਬਣਾਓ।**

ਉੱਤਰ- 1.ਭੌਤਿਕ ਨਕਸ਼ੇ 2.ਇਤਿਹਾਸਕ ਨਕਸ਼ੇ 3.ਵੰਡ ਸਬੰਧੀ ਨਕਸ਼ੇ 4.ਸਥਲ-ਆਕ੍ਰਿਤੀ ਨਕਸ਼ੇ 4.ਐਟਲਸ ਨਕਸ਼ੇ 5.ਦੀਵਾਰ-ਨਕਸ਼ੇ

Harbans gorkhnath

**ਪ੍ਰਸ਼ਨ.6–ਨਕਸ਼ਿਆਂ ਦੇ ਕਿਹੜੇ ਥੰਮ ਹਨ ਅਤੇ ਕਿਉਂ ?**

ਉੱਤਰ- ਦੂਰੀ , ਦਿਸ਼ਾ ਅਤੇ ਪ੍ਰਮਾਣਿਕ ਚਿੰਨ੍ਹ ਨਕਸ਼ਿਆਂ ਦੇ ਤਿੰਨ ਥੰਮ ਹਨ।ਇਹਨਾਂ ਤਿੰਨ ਤੱਤਾਂ ਤੋਂ ਬਿਨਾ ਨਕਸ਼ੇ ਨੂੰ ਪੜ੍ਹਣਾ ਅਤੇ ਸਮਝਣਾ ਔਖਾ ਹੈ ।

**ਪ੍ਰਸ਼ਨ.8– ਪ੍ਰਮਾਣਿਕ ਚਿੰਨ੍ਹਾਂ ਬਾਰੇ ਤੁਸੀਂ ਕੀ ਜਾਣਦੇ ਹੋਂ? ਦੱਸੋ।**

ਉੱਤਰ- ਨਕਸ਼ੇ ਵਿੱਚ ਕੁਝ ਵਿਸ਼ੇਸ਼ ਤੱਥਾਂ ਨੂੰ ਦਰਸਾਉਣ ਲਈ ਪੂਰੇ ਵਿਸ਼ਵ ਵਿੱਚ ਸਮਾਨ ਰੂਪ ਵਿੱਚ ਕੁਝ ਚਿੰਨ੍ਹ ਨਿਸ਼ਚਿਤ ਕੀਤੇ ਗਏ ਹਨ, ਇਹਨਾਂ ਨੂੰ ਪ੍ਰਮਾਣਿਕ ਚਿੰਨ੍ਹ ਕਹਿੰਦੇ ਹਨ।ਚਿੰਨ੍ਹਾਂ ਦੀ ਵਰਤੋ ਨਾਲ ਨਕਸ਼ੇ ਨੂੰ ਪੜ੍ਹਣਾ ਆਸਾਨ ਹੋ ਜਾਂਦਾ ਹੈ ।ਨਕਸ਼ੇ ਵਿੱਚ ਪਾਣੀ ਅਤੇ ਥਲ ਨੂੰ ਦਰਸਾਉਣ ਲਈ ਰੰਗਾ ਦੀ ਵਰਤੋ ਕੀਤੀ ਜਾਂਦੀ ਹੈ ।

**ਪ੍ਰਸ਼ਨ.9– ਰੰਗਦਾਰ ਨਕਸ਼ਿਆਂ ਵਿੱਚ ਕਿਹੜੇ–ਕਿਹੜੇ ਰੰਗਾਂ ਨਾਲ ਹੇਠ ਲਿਖੀਆਂ ਭੌਤਿਕ ਆਕ੍ਰਿਤੀਆਂ ਦਿਖਾਈਆਂ ਜਾਂਦੀਆਂ ਹਨ– ਪਹਾੜ, ਉੱਚੀਆਂ ਪਹਾੜੀਆਂ, ਮੈਦਾਨ, ਦਰਿਆ ,ਜੰਗਲ ਅਤੇ ਬਰਫ ਨਾਲ ਢਕੇ ਪਹਾੜ।**

ਉੱਤਰ-

| ਭੌਤਿਕ ਆਕ੍ਰਿਤੀ | ਰੰਗ |
|---|---|
| 1.ਪਹਾੜ | ਭੂਰਾ |
| 2. ਉੱਚੀਆਂ ਪਹਾੜੀਆਂ | ਪੀਲਾ |
| 3. ਮੈਦਾਨ | ਹਰਾ |
| 4. ਦਰਿਆ | ਨੀਲਾ |
| 5. ਜੰਗਲ | ਹਰਾ |
| 6. ਬਰਫ ਨਾਲ ਢਕੇ ਪਹਾੜ। | ਚਿੱਟਾ |

**ਪ੍ਰਸ਼ਨ.10–ਨਕਸ਼ੇ ਵਿੱਚ ਦਿਸ਼ਾ ਦਾ ਕੀ ਉਪਯੋਗ ਕੀਤਾ ਜਾਂਦਾ ਹੈ ?**

ਉੱਤਰ- ਨਕਸ਼ੇ ਵਿੱਚ ਦਿਸ਼ਾ ਨਾਲ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਕੋਈ ਸਥਾਨ ਕਿੱਥੇ ਸਥਿੱਤ ਹੈ। ਨਕਸ਼ੇ ਦਾ ਉੱਪਰਲਾ ਭਾਗ ਉੱਤਰ ਦਿਸ਼ਾ ਹੁੰਦਾ ਹੈ। ਇਸ ਨਾਲ ਅਸੀਂ ਬਾਕੀ ਦਿਸਾਵਾਂ ਦਾ ਅਨੁਮਾਨ ਵੀ ਲਗਾ ਸਕਦੇ ਹਾਂ ।

Harbans gorkhnath

**ਪ੍ਰਸ਼ਨ.11-ਨਕਸ਼ੇ ਨੂੰ ਪੜ੍ਹਨ ਲਈ ਪੈਮਾਨਾ ਸਾਡੀ ਕੀ ਮਦਦ ਕਰਦਾ ਹੈ ?**

ਉੱਤਰ- ਅਸੀਂ ਨਕਸ਼ੇ ਤੇ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਨੂੰ ਨਹੀਂ ਦਿਖਾ ਸਕਦੇ।ਇਸ ਲਈ ਅਸੀਂ ਇਸ ਨੂੰ ਛੋਟੇ ਪੈਮਾਨੇ ਵਿੱਚ ਬਦਲ ਕੇ ਦਿਖਾਉਂਦੇ ਹਾਂ।ਉਦਾਹਰਨ ਲਈ ਅਸੀਂ ਧਰਾਤਲ ਦੀ 1000 ਕਿਲੋਮੀਟਰ ਦੀ ਦੂਰੀ ਨੂੰ 10 ਸੈਂਟੀਮੀਟਰ ਦੁਆਰਾ ਦਿਖਾ ਸਕਦੇ ਹਾਂ।

ਇਸ ਤਰਾਂ ਜੋ ਪੈਮਾਨਾ ਬਣੇਗਾ ਉਹ ਹੋਵੇਗਾ- 1 ਸੈਂਟੀਮੀਟਰ= 100 ਕਿਲੋਮੀਟਰ।

**ਪ੍ਰਸ਼ਨ.12-ਨਕਸ਼ੇ ਵਿੱਚ ਨਕਸ਼ਾ ਸੰਕੇਤ ਦਾ ਕੀ ਮਹੱਤਵ ਹੈ ?**

ਉੱਤਰ- ਨਕਸ਼ਿਆਂ ਵਿੱਚ ਸੜਕਾਂ, ਰੇਲਮਾਰਗਾਂ, ਨਗਰਾਂ ਆਦਿ ਨੂੰ ਉਹਨਾਂ ਦੇ ਅਸਲੀ ਅਕਾਰ ਵਿੱਚ ਨਹੀਂ ਦਿਖਾਇਆ ਜਾ ਸਕਦਾ ।ਇਹਨਾਂ ਨੂੰ ਦਿਖਾਉਣ ਲਈ ਸੰਕੇਤਾਂ ਦੀ ਵਰਤੋ ਕੀਤੀ ਜਾਂਦੀ ਹੈ। ਇਹਨਾਂ ਸੰਕੇਤਾਂ ਨੂੰ ਦੇਖ ਕੇ ਅਸੀਂ ਵੱਖ-ਵੱਖ ਸੜਕਾਂ ਅਤੇ ਸਥਾਨਾਂ ਦੀ ਸਥਿਤੀ ਬਾਰੇ ਪਤਾ ਕਰ ਸਕਦੇ ਹਾਂ ।

## ਪਾਠ-5

## ਧਰਤੀ ਦੇ ਪਰਿਮੰਡਲ

ਪ੍ਰਸ਼ਨ-1. ਥਲ ਮੰਡਲ ਕਿਸਨੂੰ ਆਖਦੇ ਹਨ ?

ਉੱਤਰ-ਥਲ ਮੰਡਲ ਤੋਂ ਭਾਵ ਧਰਤੀ ਦੇ ਭੂਮੀਂ ਵਾਲੇ ਭਾਗ ਤੋਂ ਹੈ।

ਪ੍ਰਸ਼ਨ-2.ਧਰਤੀ ਤੇ ਪ੍ਰਮੁੱਖ ਭੂ-ਰੂਪਾਂ ਦੇ ਨਾਮ ਲਿਖੋ ।

ਉੱਤਰ- 1. ਪਹਾੜ 2. ਪਠਾਰ 3. ਮੈਦਾਨ

ਪ੍ਰਸ਼ਨ- 3.ਧਰਤੀ ਦੇ ਸਾਰੇ ਪਰਿਮੰਡਲ ਇੱਕ ਦੂਸਰੇ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ?

ਉੱਤਰ- ਧਰਤੀ ਦੇ ਸਾਰੇ ਪਰਿਮੰਡਲ ਇੱਕ ਦੂਸਰੇ ਨਾਲ ਜੁੜੇ ਹੋਏ ਹਨ ।ਕਿਸੇ ਇੱਕ ਪਰਿਮੰਡਲ ਦਾ ਸੰਤੁਲਨ ਵਿਗੜਨ ਨਾਲ ਦੂਸਰੇ ਦੋ ਪਰਿਮੰਡਲਾਂ ਦਾ ਸੰਤੁਲਨ ਵੀ ਵਿਗੜ ਜਾਂਦਾ ਹੈ ।

ਪ੍ਰਸ਼ਨ- 4.ਪਰਬਤ ਲੜੀ ਕਿਸ ਨੂੰ ਆਖਦੇ ਹਨ ?

ਉੱਤਰ- ਪਰਬਤਾਂ ਦੇ ਸਮੂਹ ਨੂੰ ਪਰਬਤ ਲੜੀ ਆਖਦੇ ਹਨ ।

ਪ੍ਰਸ਼ਨ- 5. ਵਿਸ਼ਵ ਦੇ ਪ੍ਰਸਿੱਧ ਪਠਾਰਾਂ ਦੇ ਨਾਮ ਦੱਸੋ ।

ਉੱਤਰ- 1.ਭਾਰਤ ਦਾ ਦੱਖਣੀ ਪਠਾਰ 2. ਮੱਧ ਅਫਰੀਕਾ ਦਾ ਪਠਾਰ 3. ਤਿੱਬਤ ਦਾ ਪਠਾਰ

ਪ੍ਰਸ਼ਨ- 6. ਵਾਯੂਮੰਡਲ ਜੀਵਨ ਪ੍ਰਣਾਲੀ ਨੂੰ ਜਿਊਣ ਵਿੱਚ ਕਿਵੇਂ ਸਹਾਇਤਾ ਕਰਦਾ ਹੈ ?

ਉੱਤਰ- 1. ਵਾਯੂਮੰਡਲ ਤੋਂ ਆਕਸੀਜਨ ਗੈਸ ਲੈ ਕੇ ਜੀਵ ਸਾਹ ਲੈਂਦੇ ਹਨ।

2.ਵਾਯੂਮੰਡਲ ਤੋਂ ਨਾਈਟ੍ਰੋਜਨ ਗੈਸ ਨਾਲ ਜੀਵਾਂ ਵਿੱਚ ਵਾਧਾ ਹੁੰਦਾ ਹੈ।

3. ਵਾਯੂਮੰਡਲ ਤੋਂ ਕਾਰਬਨਡਾਇਆਕਸਾਈਡ ਗੈਸ ਲੈ ਕੇ ਪੌਦੇ ਆਪਣਾ ਭੋਜਣ ਬਣਾਉਂਦੇ ਹਨ।

Harbans gorkhnath

ਪ੍ਰਸ਼ਨ- 7. ਮੇਜ ਭੂ -ਰੂਪ ਕਿਸ ਨੂੰ ਅਤੇ ਕਿਉਂ ਆਖਦੇ ਹਨ ?

ਉੱਤਰ- ਮੇਜ ਭੂ-ਰੂਪ ਪਠਾਰ ਨੂੰ ਆਖਦੇ ਹਨ ਕਿਉਂਕਿ ਇਸਦਾ ਉੱਤਰਲਾ ਸਿਰਾ ਮੇਜ ਦੀ ਤਰਾਂ ਪੱਧਰਾ ਹੁੰਦਾ ਹੈ ।

ਪ੍ਰਸ਼ਨ-8 ਜਲ ਮੰਡਲ ਦੀ ਮਨੁੱਖ ਲਈ ਕੀ ਮਹੱਤਤਾ ਹੈ ?

ਉੱਤਰ- 1.ਜਲ ਮੰਡਲ ਤੋਂ ਮਨੁੱਖ ਨੂੰ ਪਾਣੀ ਪ੍ਰਾਪਤ ਹੁੰਦਾ ਹੈ ਜੋ ਕਿ ਉਸਦੇ ਜਿਉਂਦੇ ਰਹਿਣ ਲਈ ਬਹੁਤ ਜਰੂਰੀ ਹੈ।

2.ਜਲ ਮੰਡਲ ਵਰਖਾ ਲਿਆਉਣ ਵਿੱਚ ਸਹਾਇਤਾ ਕਰਦਾ ਹੈ।

3.ਜਲ ਮੰਡਲ ਤੋਂ ਸਾਨੂੰ ਨਮਕ ਪ੍ਰਾਪਤ ਹੁੰਦਾ ਹੈ ।

ਪ੍ਰਸ਼ਨ-9. ਮਹਾਂਦੀਪ ਕਿਸਨੂੰ ਆਖਦੇ ਹਨ ?

ਉੱਤਰ- ਧਰਤੀ ਦੇ ਉਹ ਵੱਡੇ ਭਾਗ ਜਿਹੜੇ ਤਿੰਨ ਜਾਂ ਚਾਰ ਪਾਸਿਆਂ ਤੋਂ ਪਾਣੀ ਨਾਲ ਘਿਰੇ ਹੁੰਦੇ ਹਨ ਮਹਾਂਦੀਪ ਅਖਵਾਉਂਦੇ ਹਨ ।

ਪ੍ਰਸ਼ਨ-10. ਧਰਤੀ ਤੇ ਕਿੰਨੇ ਮਹਾਂਦੀਪ ਹਨ ? ਇਹਨਾਂ ਦੇ ਨਾਮ ਲਿਖੋ । ਸਭ ਤੋਂ ਵੱਡਾ ਮਹਾਂਦੀਪ ਕਿਹੜਾ ਹੈ ?

ਉੱਤਰ- ਧਰਤੀ ਤੇ **ਸੱਤ** ਮਹਾਂਦੀਪ ਹਨ।

1.ਏਸ਼ੀਆ 2.ਅਫਰੀਕਾ 3.ਯੂਰਪ 4.ਉੱਤਰੀ ਅਮਰੀਕਾ 5.ਦੱਖਣੀ ਅਮਰੀਕਾ 6.ਆਸਟਰੇਲੀਆ 7. ਅੰਟਾਰਟਿਕਾ। ਸਭ ਤੋਂ ਵੱਡਾ ਮਹਾਂਦੀਪ **ਏਸ਼ੀਆ** ਹੈ ।

ਪ੍ਰਸ਼ਨ-11.ਮਹਾਂਸਾਗਰਾਂ ਦੇ ਨਾਮ ਦੱਸੋ । ਗਲੋਬ ਤੇ ਮਹਾਂਸਾਗਰਾਂ ਨੂੰ ਕਿਹੜੇ ਰੰਗ ਨਾਲ ਦਰਸਾਇਆ ਜਾਂਦਾ ਹੈ ?

ਉੱਤਰ- ਸੰਸਾਰ ਤੇ **ਚਾਰ** ਮਹਾਂਸਾਗਰ ਹਨ।

1.ਸ਼ਾਂਤ ਮਹਾਂਸਾਗਰ 2. ਅੰਧ ਮਹਾਂਸਾਗਰ 3. ਹਿੰਦ ਮਹਾਂਸਾਗਰ 4. ਅੰਟਾਰਕਟਿਕ ਮਹਾਂਸਾਗਰ।

ਗਲੋਬ ਤੇ ਮਹਾਂਸਾਗਰਾਂ ਨੂੰ **ਨੀਲੇ** ਰੰਗ ਨਾਲ ਦਰਸਾਇਆ ਜਾਂਦਾ ਹੈ ।

ਪ੍ਰਸ਼ਨ- 12.ਜੀਵ ਮੰਡਲ ਕਿਸਨੂੰ ਆਖਦੇ ਹਨ ?

ਉੱਤਰ-ਧਰਤੀ ਦੇ ਜਿਸ ਭਾਗ ਤੇ ਵੱਖ-ਵੱਖ ਜੀਵ ਜੰਤੂ ਅਤੇ ਪੇੜ-ਪੌਦੇ ਰਹਿੰਦੇ ਹਨ ਉਸਨੂੰ ਜੀਵ ਮੰਡਲ ਕਹਿੰਦੇ ਹਨ।

ਪ੍ਰਸ਼ਨ- 13.ਉੱਤਰੀ ਅਰਧ ਗੋਲੇ ਨੂੰ **ਧਰਤ ਗੋਲਾ** ਅਤੇ ਦੱਖਣੀ ਅਰਧ ਗੋਲੇ ਨੂੰ **ਜਲ ਗੋਲਾ** ਕਿਉਂ ਕਹਿੰਦੇ ਹਨ ?

ਉੱਤਰ- ਕਿਉਂਕਿ ਉੱਤਰੀ ਅਰਧ ਗੋਲੇ ਵਿੱਚ ਥਲ ਭਾਗ ਜਿਆਦਾ ਹੈ ਅਤੇ ਦੱਖਣੀ ਅਰਧ ਗੋਲੇ ਵਿੱਚ ਜਲ ਭਾਗ ਜਿਆਦਾ ਹੈ।

ਪ੍ਰਸ਼ਨ-14. ਜੀਵ ਮੰਡਲ ਦਾ ਪ੍ਰਮੁੱਖ ਪ੍ਰਾਣੀ ਹੋਣ ਕਰਕੇ ਮਨੁੱਖ ਨੂੰ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਂਦਾ ਹੈ ?

ਉੱਤਰ-1.ਮਨੁੱਖ ਨੂੰ ਵਧਦੀ ਜਨਸੰਖਿਆ ਤੇ ਰੋਕ ਲਾਉਣੀ ਚਾਹੀਂਦੀ ਹੈ ।

2.ਕੁਦਰਤੀ ਸਾਧਨਾ ਦੀ ਸਾਵਧਾਨੀ ਨਾਲ ਵਰਤੋ ਕਰਨੀ ਚਾਹੀਦੀ ਹੈ ।

**ਖਾਲੀ ਥਾਵਾਂ ਭਰੋ–**

Harbans gorkhnath

1. ਆਸਟਰੇਲੀਆ 2. ਅਫਰੀਕਾ 3. ਉੱਤਰੀ 4. ਦੱਖਣੀ ਅਮਰੀਕਾ 5. ਪਾਣੀ 6. ਅੰਟਾਕਟਿਕ 7. ਜੀਵ

## ਹੇਠ ਲਿਖਿਆਂ ਦੇ ਠੀਕ ਜੋੜੇ ਬਣਾਓ-

| | |
|---|---|
| ਉੱਤਰ- 1. ਮਹਾਂਦੀਪ | (ੲ) ਅੰਟਾਰਕਟਿਕ |
| 2. ਭੂ-ਰੂਪ | (ਸ) ਪਠਾਰ |
| 3. ਜੀਵਨ | (ਅ) ਜੀਵ-ਮੰਡਲ |
| 4. ਮਹਾਂਸਾਗਰ | (ੲ) ਆਰਕਟਿਕ |

**ਪਾਠ-13**

**ਮੋਰੀਆ ਅਤੇ ਸ਼ੁੰਗ ਕਾਲ**

**ਪ੍ਰਸ਼ਨ-1.ਸਿਕੰਦਰ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਸਿਕੰਦਰ ਮਕਦੂਨੀਆਂ ਦੇ ਰਾਜੇ ਫਿਲਿਪ ਦਾ ਪੁੱਤਰ ਸੀ । ਉਹ ਸਾਰੇ ਸੰਸਾਰ ਨੂੰ ਜਿੱਤਣਾ ਚਾਹੁੰਦਾ ਸੀ । ਉਸ ਨੇ ਭਾਰਤ ਤੇ 326 ਈ.ਪੂਰਵ ਵਿੱਚ ਹਮਲਾ ਕੀਤਾ।ਉਸ ਨੇ ਰਾਜੇ ਪੋਰਸ ਨੂੰ ਹਰਾਇਆ।ਪ੍ਰੰਤੂ ਵਾਪਿਸ ਜਾਂਦੇ ਸਮੇਂ ਬੁਖਾਰ ਕਾਰਨ ਉਸਦੀ ਮੌਤ ਹੋ ਗਈ ।

**ਪ੍ਰਸ਼ਨ- 2. ਕੌਟੱਲਿਆ ਬਾਰੇ ਇੱਕ ਨੋਟ ਲਿਖੋ ।**

ਉੱਤਰ- ਕੌਟੱਲਿਆ ਨੂੰ ਚਾਣਕਿਆ ਵੀ ਕਿਹਾ ਜਾਂਦਾ ਹੈ ।ਉਹ ਇੱਕ ਮਹਾਨ ਵਿਦਵਾਨ ਸੀ ।ਰਾਜਾ ਚੰਦਰਗੁਪਤ ਮੌਰੀਆ ਉਸਨੂੰ ਆਪਣਾ ਗੁਰੂ ਮੰਨਦਾ ਸੀ ।ਉਸ ਨੇ ਅਰਥ ਸ਼ਾਸ਼ਤਰ ਨਾਂ ਦੀ ਇੱਕ ਪੁਸਤਕ ਲਿਖੀ ।

**ਪ੍ਰਸ਼ਨ-3.ਅਸ਼ੋਕ ਨੂੰ ਮਹਾਨ ਕਿਉਂ ਕਿਹਾ ਜਾਂਦਾ ਹੈ ?**

ਉੱਤਰ- ਅਸ਼ੋਕ ਇੱਕ ਮਹਾਨ ਸ਼ਾਸ਼ਕ ਸੀ। ਕਲਿੰਗ ਦੇ ਯੁੱਧ ਤੋਂ ਬਾਅਦ ਉਸ ਨੇ ਅਹਿੰਸਾ ਨੂੰ ਅਪਣਾ ਲਿਆ । ਉਸਨੇ ਸ਼ਿਕਾਰ ਕਰਨਾ ਛੱਡ ਦਿੱਤਾ ਅਤੇ ਬੁੱਧ ਧਰਮ ਅਪਣਾ ਲਿਆ ।ਉਸ ਨੇ ਪਰਜਾ ਦੀ ਭਲਾਈ ਲਈ ਸੜਕਾਂ, ਹਸਪਤਾਲ,ਸਰਾਂਵਾਂ ਬਣਵਾਈਆਂ ।

**ਪ੍ਰਸ਼ਨ-4.ਮੌਰੀਆ ਕਲਾ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- 1.ਚੰਦਰਗੁਪਤ ਮੋਰੀਆ ਅਤੇ ਅਸ਼ੋਕ ਨੇ ਸੁੰਦਰ ਮਹਿਲ ਬਣਾਏ ।

2.ਅਸ਼ੋਕ ਨੇ ਸਾਂਚੀ ਦੇ ਸਤੂਪ ਦਾ ਨਿਰਮਾਣ ਕਰਵਾਇਆ ।

3. ਅਸ਼ੋਕ ਨੇ ਚਾਰ ਸ਼ੇਰਾਂ ਵਾਲੀ ਇੱਕ ਮੂਰਤੀ ਬਣਵਾਈ ਜੋ ਕਿ ਸਾਡਾ ਰਾਸ਼ਟਰੀ ਚਿੰਨ੍ਹ ਹੈ ।

**ਖਾਲੀ ਥਾਵਾਂ ਭਰੋ:-**

1. ਬਹਾਦਰੀ 2. 297 ਈ.ਪੂਰਵ 3. ਸਿਕੰਦਰ 4. ਅਰਥ ਸ਼ਾਸ਼ਤਰ , ਇੰਡੀਕਾ 5. ਸਾਂਚੀ

**ਹੇਠ ਲਿਖਿਆਂ ਦੇ ਜੋੜੇ ਬਣਾਓ**

Harbansgorkhnath

1) ਮੈਗਸਥਨੀਜ਼ ਸ) ਇੰਡੀਕਾ

2) ਕੌਟੱਲਿਆ ੳ) ਅਰਥ-ਸ਼ਾਸ਼ਤਰ

3) ਸਾਂਚੀ ਅ) ਸਤੂਪ

4) ਅਮਾਤਯਾ ੲ) ਮੰਤਰੀ

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (X) 2. (X) 3. (X) 4. (√) 5. (√)

## ਪਾਠ-6

## ਸਾਡਾ ਭਾਰਤ- ਸੰਸਾਰ ਵਿੱਚ

**ਪ੍ਰਸ਼ਨ-1.ਕਿਹੜੀ ਅਕਸ਼ਾਂਸ਼ ਰੇਖਾ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ ? ਉਹਨਾਂ ਦੋ ਹਿੱਸਿਆਂ ਦੇ ਨਾਮ ਦੱਸੋ।**

ਉੱਤਰ- **ਕਰਕ ਰੇਖਾ** ਭਾਰਤ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ । ਦੱਖਣੀ ਹਿੱਸੇ ਨੂੰ **ਊਸ਼ਨਖੰਡੀ** ਅਤੇ ਉੱਤਰੀ ਹਿੱਸੇ ਨੂੰ **ਉੱਪ-ਊਸ਼ਨਖੰਡੀ** ਕਿਹਾ ਜਾਂਦਾ ਹੈ ।

**ਪ੍ਰਸ਼ਨ-2. ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਮ ਲਿਖੋ ।**

ਉੱਤਰ- 1.ਪਾਕਿਸਤਾਨ 2.ਅਫਗਾਨੀਸਤਾਨ 3.ਚੀਨ 4.ਨੇਪਾਲ 5.ਭੂਟਾਨ 6.ਬੰਗਲਾਦੇਸ਼ 7.ਸ਼੍ਰੀਲੰਕਾ

**ਪ੍ਰਸ਼ਨ-3.ਗਲੋਬ ਤੇ ਭਾਰਤ ਦੀ ਅਕਸ਼ਾਂਸ਼ ਅਤੇ ਦਿਸ਼ਾਂਤਰ ਸਥਿਤੀ ਦੱਸੋ ।**

ਉੱਤਰ- ਭਾਰਤ $8^{0}4'$ ਉੱਤਰ ਤੋਂ $37^{0}6'$ ਉੱਤਰ ਅਕਸ਼ਾਂਸ਼ ਅਤੇ $67^{0}7'$ ਪੂਰਵ ਤੋਂ $97^{0}25'$ ਪੂਰਵ ਦਿਸ਼ਾਂਤਰ ਤੱਕ ਫੈਲਿਆਂ ਹੋਇਆ ਹੈ ।

**ਪ੍ਰਸ਼ਨ-4.ਭਾਰਤ ਨੂੰ ਇੱਕ ਉੱਪ-ਮਹਾਂਦੀਪ ਕਿਉਂ ਕਿਹਾ ਜਾਂਦਾ ਹੈ ?**

ਉੱਤਰ- ਭਾਰਤ ਇੱਕ ਵੱਡਾ ਦੇਸ਼ ਹੈ ਅਤੇ ਇਹ ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਹੈ ਇਸ ਲਈ ਇਸਨੂੰ ਉੱਪ-ਮਹਾਂਦੀਪ ਕਿਹਾ ਜਾਂਦਾ ਹੈ ।

**ਪ੍ਰਸ਼ਨ-5.ਭਾਰਤ ਨੂੰ ਰਾਜਨੀਤਿਕ ਤੌਰ ਤੇ ਕਿੰਨੇ ਰਾਜਾਂ ਅਤੇ ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ ?**

ਉੱਤਰ- ਭਾਰਤ ਨੂੰ **29 ਰਾਜਾਂ** ਅਤੇ **7 ਕੇਂਦਰੀ ਸ਼ਾਸ਼ਿਤ ਪ੍ਰਦੇਸ਼ਾਂ** ਵਿੱਚ ਵੰਡਿਆ ਹੋਇਆ ਹੈ ।

Harbans gorkhnath

**ਪ੍ਰਸ਼ਨ-6.ਉਨ੍ਹਾਂ ਤਿੰਨ ਸਾਗਰਾਂ ਦੇ ਨਾਮ ਲਿਖੋ ਜਿੰਨ੍ਹਾਂ ਨੇ ਭਾਰਤੀ ਉੱਪ-ਮਹਾਂਦੀਪ ਨੂੰ ਘੇਰਿਆ ਹੈ ?**

ਉੱਤਰ- 1.ਹਿੰਦ ਮਹਾਂਸਾਗਰ 2.ਅਰਬ ਸਾਗਰ 3.ਬੰਗਾਲ ਦੀ ਖਾੜੀ ।

**ਖਾਲੀ ਥਾਂਵਾਂ ਭਰੋ ।**

1.ਰਾਜਸਥਾਨ 2. ਗੋਆ 3.ਦੱਖਣੀ 4. ਕੰਨਿਆ ਕੁਮਾਰੀ 5.ਪੂਰਵੀ

**ਹੇਠ ਲਿਖਿਆਂ ਦੇ ਜੋੜੇ ਬਣਾਓ**

| | |
|---|---|
| 1) ਅੰਦਮਾਨ ਅਤੇ ਨਿਕੋਬਾਰ | ੲ) ਭਾਰਤ ਦਾ ਦੀਪ ਸਮੂਹ |
| 2) ਮਾਲਦੀਵ | ਅ) ਦੱਖਣ ਵੱਲ ਦੇ ਗੁਆਂਢੀ |
| 3) ਮਨਮਾਰ | ੳ) ਸਾਡਾ ਪੂਰਵੀ ਗੁਆਂਢੀ |
| 4) ਸ਼੍ਰੀਲੰਕਾ | ਸ) ਸਮੁੰਦਰੀ ਹੱਦ ਨਾਲ ਜੁੜਿਆ ਦੇਸ਼ |

**ਪਾਠ-14**

**ਭਾਰਤ 200 ਈ: ਪੂ: ਤੋਂ 300 ਈ: ਤੱਕ**

**ਪ੍ਰਸ਼ਨ-1.ਸਤਵਾਹਨਾਂ ਦੇ ਸ਼ਾਸ਼ਨ ਪ੍ਰਬੰਧ ਤੇ ਨੋਟ ਲਿਖੋ ।**

ਉੱਤਰ- ਸਤਵਾਹਨਾ ਨੇ ਦੱਕਨ ਵਿੱਚ 300 ਸਾਲ ਰਾਜ ਕੀਤਾ ।ਉਹਨਾਂ ਦਾ ਸ਼ਾਸਨ ਪ੍ਰਬੰਧ ਬਹੁਤ ਚੰਗਾ ਸੀ।ਰਾਜੇ ਨੂੰ ਸਰਵਉੱਚ ਸਥਾਨ ਪ੍ਰਾਪਤ ਸੀ।ਉਸ ਦੀ ਸਹਾਇਤਾ ਲਈ ਕਈ ਅਧਿਕਾਰੀ ਹੁੰਦੇ ਸਨ ।ਸਾਰੇ ਰਾਜ ਨੂੰ ਪ੍ਰਾਂਤਾਂ, ਜਿਲਿਆਂ ਅਤੇ ਪਿੰਡਾ ਵਿੱਚ ਵੰਡਿਆ ਹੋਇਆ ਸੀ ।ਰਾਜੇ ਕੋਲ ਬਹੁਤ ਵੱਡੀ ਸੈਨਾ ਹੁੰਦੀ ਸੀ ।

**ਪ੍ਰਸ਼ਨ-2. ਪਹਿਲਾ ਮਹਾਨ ਚੋਲ ਸ਼ਾਸ਼ਕ ਕੌਣ ਸੀ ? ਉਸ ਦੀਆਂ ਪ੍ਰਾਪਤੀਆਂ ਕਿਹੜੀਆਂ ਸਨ ?**

ਉੱਤਰ- ਕਾਰੀਕਲ ਪਹਿਲਾ ਮਹਾਨ ਚੋਲ ਸ਼ਾਸ਼ਕ ਸੀ। ਉਸ ਨੇ ਸ਼੍ਰੀਲੰਕਾ ਤੇ ਹਮਲਾ ਕੀਤਾ ਸੀ ।ਉਸ ਨੇ ਜੰਗਲਾਂ ਨੂੰ ਸਾਫ ਕਰਕੇ ਭੂਮੀਂ ਨੂੰ ਖੇਤੀ ਯੋਗ ਬਣਾਇਆ ਸੀ ।

**ਪ੍ਰਸ਼ਨ-3. 200 ਈ: ਪੂਰਵ ਤੋਂ 300 ਈ: ਤੱਕ ਦੱਖਣੀ ਭਾਰਤ ਦੇ ਲੋਕਾਂ ਦੇ ਜੀਵਨ ਬਾਰੇ ਲਿਖੋ ।**

ਉੱਤਰ- ਉਸ ਸਮੇਂ ਲੋਕਾਂ ਦਾ ਜੀਵਨ ਬਹੁਤ ਸਾਦਾ ਸੀ ।ਲੋਕ ਪਰਿਵਾਰ ਵਿੱਚ ਮਿਲ ਜੁਲ ਕੇ ਰਹਿੰਦੇ ਸਨ ।ਲੋਕਾਂ ਦਾ ਮੁੱਖ ਕੰਮ ਖੇਤੀ ਅਤੇ ਵਪਾਰ ਸੀ ।ਸੰਗੀਤ, ਨਾਚ, ਕਵਿਤਾ ਆਦਿ ਉਹਨਾਂ ਦੇ ਮਨੋਰੰਜਨ ਦੇ ਸਾਧਨ ਸਨ ।

**ਪ੍ਰਸ਼ਨ- 4. ਮਹਾਂਪਾਸ਼ਾਣ ਸੰਸਕ੍ਰਿਤੀ ਦੇ ਮੁਰਦਿਆਂ ਨੂੰ ਦਫਨਾਉਣ ਦੇ ਢੰਗ ਬਾਰੇ ਲਿਖੋ ।**

ਉੱਤਰ- ਮਹਾਂਪਾਸ਼ਾਣ ਸੰਸਕ੍ਰਿਤੀ ਦੇ ਲੋਕ ਮੁਰਦਿਆਂ ਨੂੰ ਦਫਨਾਉਣ ਤੋਂ ਬਾਅਦ ਉਹਨਾਂ ਦੇ ਚਾਰੇ ਪਾਸੇ ਵੱਡੇ ਵੱਡੇ ਪੱਥਰਾਂ ਦਾ ਇੱਕ ਘੇਰਾ ਬਣਾਉਂਦੇ ਸਨ । ਉਹ ਮੁਰਦਿਆਂ ਦੇ ਭਾਂਡੇ, ਹਥਿਆਰ ਆਦਿ ਵੀ ਉਹਨਾਂ ਦੇ ਨਾਲ ਹੀ ਦਫਨਾ ਦਿੰਦੇ ਸਨ।ਉਨ੍ਹਾਂ ਦਾ ਵਿਸ਼ਵਾਸ ਸੀ ਕਿ ਦੂਸਰੀ ਦੁਨੀਆਂ ਵਿੱਚ ਮਰਨ ਵਾਲੇ ਨੂੰ ਇਹਨਾਂ ਸਭ ਚੀਜਾਂ ਦੀ ਜਰੂਰਤ ਪੈਂਦੀ ਹੋਵੇਗੀ ।

**ਪ੍ਰਸ਼ਨ-5. ਕਨਿਸ਼ਕ ਤੇ ਇੱਕ ਨੋਟ ਲਿਖੋ ।**

Harbansgorkhnath

ਉੱਤਰ- ਕਨਿਸ਼ਕ ਕੁਸ਼ਾਨ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਸੀ । ਉਸ ਨੇ ਬੜੀ ਬਹਾਦਰੀ ਨਾਲ ਯੁੱਧ ਕੀਤੇ ਸਨ। ਉਹ ਬੁੱਧ ਧਰਮ ਦਾ ਪੈਰੋਕਾਰ ਸੀ ।ਉਸ ਨੇ ਬਹੁਤ ਸਾਰੀਆਂ ਸੁੰਦਰ ਮੂਰਤੀਆਂ ਬਣਵਾਈਆਂ ।

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1.(√) 2. (X) 3.(√) 4.(X) 5. (√) 6.(√) 7. (X)

## ਪਾਠ-15

## ਗੁਪਤ ਸਾਮਰਾਜ- ਭਾਰਤ ਦਾ ਸੁਨਹਿਰੀ ਯੁੱਗ

**ਪ੍ਰਸ਼ਨ-1. ਸਮੁਦਰਗੁਪਤ ਦੀਆਂ ਜਿੱਤਾਂ ਦਾ ਵਰਣਨ ਕਰੋ ।**

ਉੱਤਰ- 1.ਸਮੁਦਰਗੁਪਤ ਨੂੰ ਭਾਰਤ ਦਾ ਨੈਪੋਲੀਅਨ ਕਿਹਾ ਜਾਂਦਾ ਹੈ। ਉਸਨੇ ਉੱਤਰੀ ਭਾਰਤ ਦੇ ਤਿੰਨ ਰਾਜਿਆਂ, 7 ਰਾਜਿਆਂ ਦੇ ਇੱਕ ਗੁੱਟ, ਦੱਖਣ ਦੇ 12 ਰਾਜਿਆਂ ਅਤੇ ਜੰਗਲੀ ਜਾਤੀਆਂ ਨੂੰ ਹਰਾਇਆ ।

**ਪ੍ਰਸ਼ਨ-2. ਚੰਦਰਗੁਪਤ ਵਿਕਰਮਾਂਦਿੱਤਿਆ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਚੰਦਰਗੁਪਤ ਵਿਕਰਮਾਂਦਿੱਤਿਆ ਸਮੁਦਰਗੁਪਤ ਦਾ ਪੁੱਤਰ ਸੀ ।ਉਸਨੂੰ ਚੰਦਰਗੁਪਤ ਦੂਜਾ ਵੀ ਕਿਹਾ ਜਾਂਦਾ ਹੈ। ਉਸਨੇ ਬਹੁਤ ਸਾਰੀਆਂ ਜਿੱਤਾਂ ਦਰਜ ਕੀਤੀਆਂ ।ਉਸਦੇ ਦਰਬਾਰ ਵਿੱਚ ਨੌਂ ਵਿਦਵਾਨ ਸਨ ਜਿੰਨ੍ਹਾਂ ਨੂੰ 'ਨੌਂ ਰਤਨ' ਕਿਹਾ ਜਾਂਦਾ ਹੈ ।ਉਸਨੇ ਵੱਡੀ ਮਾਤਰਾ ਵਿੱਚ ਸੋਨੇ, ਚਾਂਦੀ ਦੇ ਸਿੱਕੇ ਚਲਾਏ ਅਤੇ ਸਮਾਜ ਦਾ ਕਲਿਆਨ ਕੀਤਾ ।

**ਪ੍ਰਸ਼ਨ-3.ਕਾਲੀਦਾਸ ਬਾਰੇ ਇੱਕ ਨੋਟ ਲਿਖੋ ।**

ਉੱਤਰ- ਕਾਲੀਦਾਸ ਚੰਦਰਗੁਪਤ ਦੂਜੇ ਦੇ ਦਰਬਾਰ ਵਿੱਚ 'ਨੌਂ ਰਤਨਾਂ' ਵਿੱਚੋਂ ਇੱਕ ਕਵੀ ਸੀ ।ਉਸਦੀਆਂ ਰਚਨਾਵਾਂ ਸ਼ਕੁੰਤਲਾ, ਮੇਘਦੂਤ ਆਦਿ ਸਾਰੇ ਸੰਸਾਰ ਵਿੱਚ ਪ੍ਰਸਿੱਧ ਹਨ।

**ਪ੍ਰਸ਼ਨ-4.ਗੁਪਤਕਾਲ ਦੇ ਆਰਥਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- 1.ਉਸ ਸਮੇਂ ਰੋਜ਼ਾਨਾ ਜੀਵਨ ਦੀਆਂ ਵਸਤੂਆਂ ਬਹੁਤ ਸਸਤੀਆਂ ਸਨ। ਟੈਕਸ ਬਹੁਤ ਘੱਟ ਸਨ ।

2.ਉਸ ਸਮੇਂ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ ।

3.ਉਸ ਸਮੇਂ ਦੂਸਰੇ ਦੇਸ਼ਾਂ ਨਾਲ ਵਪਾਰ ਵੀ ਹੁੰਦਾ ਸੀ ।

**ਪ੍ਰਸ਼ਨ-5. ਗੁਪਤ ਕਾਲ ਨੂੰ ਭਾਰਤ ਦਾ ਸੁਨਿਹਰੀ ਯੁੱਗ ਕਿਉਂ ਕਹਿੰਦੇ ਹਨ?**

Harbansgorkhnath

ਉੱਤਰ- 1.ਗੁਪਤ ਕਾਲ ਵਿੱਚ ਸ਼ਾਸਨ ਪ੍ਰਬੰਧ ਬਹੁਤ ਵਧੀਆ ਸੀ ।ਰਾਜਾ ਪਰਜਾ ਦੀ ਭਲਾਈ ਲਈ ਕੰਮ ਕਰਦਾ ਸੀ।

2.ਲੋਕ ਖੁਸ਼ਹਾਲ ਅਤੇ ਇਮਾਨਦਾਰ ਸਨ।ਕੋਈ ਅਪਰਾਧ ਜਾਂ ਚੋਰੀ ਵਗੈਰਾ ਨਹੀਂ ਹੁੰਦੀ ਸੀ ।

3.ਗੁਪਤ ਕਾਲ ਵਿੱਚ ਤਕਨੀਕ ਅਤੇ ਵਿਗਿਆਨ ਦਾ ਬਹੁਤ ਵਿਕਾਸ ਹੋਇਆ। ਆਰੀਆ ਭੱਟ ਉਸ ਕਾਲ ਦਾ ਪ੍ਰਸਿੱਧ ਵਿਗਿਆਨੀ ਸੀ ।

4.ਇਸ ਕਾਲ ਵਿੱਚ ਸਾਰੇ ਧਰਮਾਂ ਦਾ ਸਤਿਕਾਰ ਕੀਤਾ ਜਾਂਦਾ ਸੀ। ਸਿੱਖਿਆ ਵੀ ਉੱਨਤ ਸੀ ।

**ਹੇਠ ਲਿਖਿਆਂ ਦੇ ਜੋੜੇ ਬਣਾਓ**

ਉੱਤਰ-

| | |
|---|---|
| 1) ਆਰੀਆਵਰੱਤ | ਅ) ਉੱਤਰੀ ਭਾਰਤ |
| 2) ਮਦ੍ਰਕ | ੳ) ਪੰਜਾਬ |
| 3) ਲੋਹ-ਸਤੰਭ | ਸ) ਦਿੱਲੀ |
| 4) ਕੁਮਾਰਾਮਾਤਯ | ੲ) ਇੱਕ ਅਫਸਰ |

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (X) 3. (X) 4. (X) 5. (√) 6. (√)

## ਪਾਠ-16

## (ਹਰਸ਼ਵਰਧਨ ਕਾਲ- 600 ਈ: ਤੋਂ 650 ਈ:)

**ਪ੍ਰਸ਼ਨ- ਬਾਣਭੱਟ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਬਾਣਭੱਟ ਰਾਜਾ ਹਰਸ਼ਵਰਧਨ ਦਾ ਰਾਜ ਕਵੀ ਸੀ। ਉਸਨੇ ਹਰਸ਼ਵਰਧਨ ਬਾਰੇ ‘ ਹਰਸ਼ਚਰਿਤ’ ਪੁਸਤਕ ਲਿਖੀ ।

**ਪ੍ਰਸ਼ਨ-2. ਹਿਊਨਸਾਂਗ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਹਿਊਨਸਾਂਗ ਇੱਕ ਪ੍ਰਸਿੱਧ ਚੀਨੀ ਯਾਤਰੀ ਸੀ ।ਉਹ ਚੀਨ ਤੋਂ ਬੁੱਧ ਧਰਮ ਦੇ ਧਾਰਮਿਕ ਸਥਾਨਾ ਦੀ ਯਾਤਰਾ ਕਰਨ ਭਾਰਤ ਆਇਆ ਸੀ ।ਉਸਨੇ ‘ ਸੀ-ਯੂ-ਕੀ’ ਪੁਸਤਕ ਲਿਖੀ ।

**ਪ੍ਰਸ਼ਨ-3 ਹਰਸ਼ਵਰਧਨ ਬਾਰੇ ਇੱਕ ਨੋਟ ਲਿਖੋ ।**

ਉੱਤਰ- ਹਰਸ਼ਵਰਧਨ ਪੁਸ਼ਿਆਭੂਤੀ ਵੰਸ਼ ਦਾ ਇੱਕ ਮਹਾਨ ਰਾਜਾ ਸੀ । ਉਹ 606 ਈ: ਵਿੱਚ ਰਾਜ ਗੱਦੀ ਤੇ ਬੈਠਿਆ ।ਉਹ ਇੱਕ ਮਹਾਨ ਜੇਤੂ ਹੋਣ ਦੇ ਨਾਲ ਨਾਲ ਇੱਕ ਮਹਾਨ ਵਿਦਵਾਨ ਅਤੇ ਲੇਖਕ ਸੀ ।ਉਹ ਬੁੱਧ ਧਰਮ ਵਿੱਚ ਸ਼ਰਧਾ ਰੱਖਦਾ ਸੀ ।

**ਪ੍ਰਸ਼ਨ-4 ਹਰਸ਼ਵਰਧਨ ਕਾਲ ਦੇ ਸਮਾਜ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਹਰਸ਼ਵਰਧਨ ਕਾਲ ਵਿੱਚ ਲੋਕ ਸਾਦਾ ਅਤੇ ਸੁਖੀ ਜੀਵਨ ਬਤੀਤ ਕਰਦੇ ਸਨ ।ਉਹ ਮੁੱਖ ਤੌਰ ਤੇ ਸ਼ਾਕਾਹਾਰੀ ਸਨ ਅਤੇ ਦੁੱਧ, ਘਿਓ, ਫਲ, ਸਬਜ਼ੀਆ ਆਦਿ ਦੀ ਵਰਤੋ ਕਰਦੇ ਸਨ। ਸਮਾਜ ਵਿੱਚ ਜਾਤੀ ਪ੍ਰਥਾ ਸਖਤ ਸੀ। ਨਾਲੰਦਾ ਇਸ ਸਮੇਂ ਪ੍ਰਸਿੱਧ ਵਿਸ਼ਵ-ਵਿਦਿਆਲਾ ਸੀ ।

Harbans gorkhnath

**ਪ੍ਰਸ਼ਨ-5 ਹਰਸ਼ਵਰਧਨ ਦੇ ਰਾਜ-ਪ੍ਰਬੰਧ ਬਾਰੇ ਲਿਖੋ ।**

ਉੱਤਰ- 1. ਰਾਜਾ ਰਾਜ ਪ੍ਰਬੰਧ ਦਾ ਮੁਖੀ ਹੁੰਦਾ ਸੀ। ਉਸਦੀ ਸਹਾਇਤਾ ਕਰਨ ਲਈ ਕਈ ਮੰਤਰੀ ਹੁੰਦੇ ਸਨ ।

2. ਸਾਮਰਾਜ ਪ੍ਰਾਂਤਾਂ , ਜਿਲਿਆਂ ਅਤੇ ਪਿੰਡਾਂ ਵਿੱਚ ਵੰਡਿਆ ਹੋਇਆ ਸੀ ।

3. ਰਾਜੇ ਕੋਲ ਸੈਨਾ ਹੁੰਦੀ ਸੀ ਅਤੇ ਰਾਜੇ ਦੁਆਰਾ ਲੋਕਾਂ ਤੇ ਟੈਕਸ ਬਹੁਤ ਘੱਟ ਲਗਾਏ ਜਾਂਦੇ ਸਨ ।

**ਹੇਠ ਲਿਖਿਆਂ ਦੇ ਜੋੜੇ ਬਣਾਓ**

| | |
|---|---|
| ਉੱਤਰ- 1) ਪੁਸ਼ਿਆਭੂਤੀ | ਅ) ਕੁਰੂਕਸ਼ੇਤਰ |
| 2) ਹਿਊਨਸਾਂਗ | ੳ) ਚੀਨੀ ਯਾਤਰੀ |
| 3) ਬਾਣ-ਭੱਟ | ਸ) ਲੇਖਕ |
| 4) ਦੂਤ | ੲ) ਸੰਦੇਸ਼ ਲਿਜਾਣ ਵਾਲਾ |

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (X) 3. (X) 4. (√) 5. (X)

## ਪਾਠ-21

# ਸ਼ਹਿਰੀ ਵਿਕਾਸ ਅਤੇ ਸਥਾਨਕ ਸਰਕਾਰ

**ਪ੍ਰਸ਼ਨ-1. ਅਜ਼ਾਦੀ ਪਿੱਛੋਂ ਹੋਏ ਸ਼ਹਿਰੀ ਵਿਕਾਸ ਬਾਰੇ ਨੋਟ ਲਿਖੋ ।**

ਉੱਤਰ- ਅਜ਼ਾਦੀ ਤੋਂ ਬਾਅਦ ਬਹੁਤ ਸਾਰੇ ਪਿੰਡਾਂ ਨੇ ਕਸਬਿਆਂ ਦਾ ਰੂਪ ਧਾਰ ਲਿਆ ਅਤੇ ਫਿਰ ਸ਼ਹਿਰਾਂ ਵਿੱਚ ਬਦਲ ਗਏ ।ਸ਼ਹਿਰਾਂ ਵਿੱਚ ਵੱਡੇ-ਵੱਡੇ ਕਾਰਖਾਨੇ ਸਥਾਪਿਤ ਕੀਤੇ ਗਏ। ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਰੁਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਵਿੱਚ ਚਲੇ ਗਏ।

**ਪ੍ਰਸ਼ਨ-2. ਸ਼ਹਿਰੀ ਸਥਾਨਕ ਸੰਸਥਾਵਾਂ ਕਿਹੜੀਆਂ-ਕਿਹੜੀਆਂ ਹਨ ?**

ਉੱਤਰ- ਸ਼ਹਿਰੀ ਸਥਾਨਕ ਸਰਕਾਰ ਦੀਆਂ ਤਿੰਨ ਸੰਸਥਾਵਾਂ ਹਨ :-

1. ਨਗਰ ਪੰਚਾਇਤ 2. ਨਗਰਪਾਲਿਕਾ 3. ਨਗਰ ਨਿਗਮ

**ਪ੍ਰਸ਼ਨ-3. ਸ਼ਹਿਰ ਨੂੰ ਜਨਸੰਖਿਆ ਦੇ ਆਧਾਰ ਤੇ ਵਾਰਡਾਂ ਵਿੱਚ ਕਿਉਂ ਵੰਡਿਆ ਜਾਂਦਾ ਹੈ ?**

ਉੱਤਰ- ਸ਼ਹਿਰ ਦਾ ਵਿਕਾਸ ਕਰਨ ਲਈ ਸ਼ਹਿਰ ਨੂੰ ਵੱਖ-ਵੱਖ ਵਾਰਡਾਂ ਵਿੱਚ ਵੰਡਿਆ ਜਾਂਦਾ ਹੈ। ਹਰੇਕ ਵਾਰਡ ਵਿੱਚੋਂ ਇੱਕ ਮੈਂਬਰ ਚੁਣਿਆ ਜਾਂਦਾ ਹੈ ।

**ਪ੍ਰਸ਼ਨ-4. ਨਗਰ ਨਿਗਮ ਅਤੇ ਨਗਰਪਾਲਿਕਾ ਦੀ ਚੋਣ ਲੜਨ ਲਈ ਕਿੰਨੀ ਉਮਰ ਹੋਣੀ ਚਾਹੀਦੀ ਹੈ ?**

ਉੱਤਰ- 25 ਸਾਲ ਜਾਂ ਉਸ ਤੋਂ ਜਿਆਦਾ ।

**ਪ੍ਰਸ਼ਨ-5. ਕਸਬੇ ਦੀ ਸਥਾਨਕ ਸਰਕਾਰ ਨੂੰ ਕੀ ਕਿਹਾ ਜਾਂਦਾ ਹੈ ?**

ਉੱਤਰ- ਨਗਰ ਪੰਚਾਇਤ ।

**ਪ੍ਰਸ਼ਨ-6. ਨਗਰ ਨਿਗਮ ਦੇ ਚਾਰ ਸਰਕਾਰੀ ਕਰਮਚਾਰੀਆਂ ਦੇ ਨਾਮ ਲਿਖੋ ।**

ਉੱਤਰ- 1. ਕਮਿਸ਼ਨਰ 2. ਸਿਹਤ ਅਫਸਰ 3. ਕਰ ਅਫਸਰ 4. ਲੇਖਾ ਅਫਸਰ

**ਪ੍ਰਸ਼ਨ-7. ਸ਼ਹਿਰੀ ਸਥਾਨਕ ਸਰਕਾਰ ਦੀ ਆਮਦਨ ਦੇ ਕੋਈ ਚਾਰ ਸਾਧਨ ਦੱਸੋ।**

ਉੱਤਰ-1. ਚੁੰਗੀ ਕਰ, ਗ੍ਰਹਿ ਕਰ , ਮਨੋਰੰਜਨ ਕਰ

2. ਬਿਜਲੀ, ਪਾਣੀ, ਰਿਕਸ਼ੇ, ਠੇਲੇ ਆਦਿ ਉੱਤੇ ਫੀਸ

3. ਸਰਕਾਰ ਵੱਲੋਂ ਪ੍ਰਾਪਤ ਗ੍ਰਾਂਟ/ਸਹਾਇਤਾ

4. ਸਰਕਾਰ ਤੋਂ ਪ੍ਰਾਪਤ ਕਰਜਾ ।

**ਪ੍ਰਸ਼ਨ-8. ਜਿਲ੍ਹਾ ਪ੍ਰਬੰਧ ਦਾ ਮੁਖੀਆ ਕੌਣ ਹੁੰਦਾ ਹੈ ਅਤੇ ਕਿਵੇਂ ਚੁਣਿਆ ਜਾਂਦਾ ਹੈ ?**

ਉੱਤਰ- ਜਿਲ੍ਹਾ ਪ੍ਰਬੰਧ ਦਾ ਮੁਖੀਆ ਡਿਪਟੀ ਕਮਿਸ਼ਨਰ ( D.C.) ਹੁੰਦਾ ਹੈ । ਉਹ I.A.S. ਪ੍ਰੀਖਿਆ ਦੁਆਰਾ ਚੁਣਿਆ ਜਾਂਦਾ ਹੈ ।

**ਪ੍ਰਸ਼ਨ-9. ਸ਼ਹਿਰੀ ਸਥਾਨਕ ਸਰਕਾਰ ਪ੍ਰਤੀ ਤੁਹਾਡੇ ਕੀ ਫਰਜ਼ ਹਨ?**

ਉੱਤਰ- 1. ਸਾਨੂੰ ਯੋਗ ਅਤੇ ਇਮਾਨਦਾਰ ਮੈਂਬਰਾਂ ਦੀ ਚੋਣ ਕਰਨੀ ਚਾਹੀਦੀ ਹੈ ।

2. ਸਾਨੂੰ ਸ਼ਹਿਰ ਨੂੰ ਸਾਫ-ਸੁਥਰਾ ਰੱਖਣਾ ਚਾਹੀਦਾ ਹੈ ।

3.ਸਾਨੂੰ ਆਪਣੇ ਕਰ/ਟੈਕਸ ਇਮਾਨਦਾਰੀ ਨਾਲ ਚੁਕਾਉਣੇ ਚਾਹੀਦੇ ਹਨ ।

**ਪਾਠ- 21** **ਪ੍ਰਸ਼ਨ- 10. ਨਗਰਪਾਲਿਕਾ/ਨਗਰ ਨਿਗਮ ਦੇ ਕੋਈ ਤਿੰਨ ਕੰਮ ਲਿਖੋ ।**

ਉੱਤਰ- 1. ਨਗਰ ਵਿੱਚ ਪਾਣੀ, ਬਿਜਲੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ।

2. ਬੀਮਾਰੀਆਂ ਦੀ ਰੋਕਥਾਮ ਲਈ ਟੀਕੇ ਲਗਵਾਉਣਾ ।

3. ਸੜਕਾਂ ਅਤੇ ਪੁਲਾਂ ਦਾ ਨਿਰਮਾਣ ਕਰਨਾ ।

**ਪ੍ਰਸ਼ਨ-11. ਕੀ ਸੜਕ ਤੇ ਸਾਇਕਲ ਚਲਾਉਂਦੇ ਸਮੇਂ ਹੈਲਮੇਟ ਪਾਉਣਾ ਚਾਹੀਦਾ ਹੈ ?**

ਉੱਤਰ- ਸਾਡੇ ਦੇਸ਼ ਵਿੱਚ ਸਾਇਕਲ ਚਲਾਉਂਦੇ ਸਮੇਂ ਹੈਲਮੇਟ ਪਾਉਣਾ ਜਰੂਰੀ ਨਹੀਂ ਹੈ । ਪ੍ਰੰਤੂ ਫਿਰ ਵੀ ਦੁਰਘਟਨਾ ਤੋਂ ਬਚਾਓ ਲਈ ਸਾਨੂੰ ਹੈਲਮੇਟ ਪਾਉਣਾ ਚਾਹੀਂਦਾ ਹੈ ।

**ਖਾਲੀ ਥਾਂਵਾਂ ਭਰੋ:-**

1. ਕਸਬੇ 2. ਰਾਜ ਸਰਕਾਰ 3. 25 , 18 4. ਦੀਵਾਨੀ, ਫੋਜਦਾਰੀ 5. ਕਸਬਾ

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (X) 2. (X) 3. (√) 4. (√) 5. . (X)

## ਪਾਠ-7

## ਭਾਰਤ ਦਾ ਜਲਵਾਯੂ, ਬਨਸਪਤੀ ਅਤੇ ਜੰਗਲੀ ਜੀਵ

ਪ੍ਰਸ਼ਨ-1. ਪ੍ਰਮੁੱਖ ਬਨਸਪਤੀ ਕਿਸਮਾਂ ਦੇ ਨਾਮ ਲਿਖੋ ।

ਉੱਤਰ-1. ਊਸਣ ਸਦਾਬਹਾਰ ਵਣ 2. ਊਸ਼ਣ ਪੱਤਝੜੀ ਵਣ

3. ਮਾਰੂਥਲੀ ਬਨਸਪਤੀ 4. ਪਰਬਤੀ ਬਨਸਪਤੀ 5. ਜਵਾਰੀ ਵਣ ।

ਪ੍ਰਸ਼ਨ -2. ਭਾਰਤ ਦੀਆਂ ਪ੍ਰਮੁੱਖ ਰੁੱਤਾਂ ਦੇ ਨਾਮ ਲਿਖੋ ।

ਉੱਤਰ- 1. ਸਰਦੀ ਦੀ ਰੁੱਤ ( ਮੱਧ ਦਸੰਬਰ ਤੋਂ ਫਰਬਰੀ ਤੱਕ)

2. ਗਰਮੀਂ ਦੀ ਰੁੱਤ ( ਮਾਰਚ ਤੋਂ ਮੱਧ ਜੂਨ ਤੱਕ )

3. ਮਾਨਸੂਨ ਦੀ ਰੁੱਤ ( ਮੱਧ ਜੂਨ ਤੋਂ ਸਤੰਬਰ ਤੱਕ )

4. ਪਰਤਦੀ ਮਾਨਸੂਨ ਦੀ ਰੁੱਤ ( ਅਕਤੂਬਰ ਤੋਂ ਨਵੰਬਰ ਤੱਕ )

ਪ੍ਰਸ਼ਨ-3. ਭਾਰਤ ਵਿੱਚ ਗਰਮੀਂ ਦੀ ਰੁੱਤ ਬਾਰੇ ਜਾਣਕਾਰੀ ਦਿਓ ।

ਉੱਤਰ- 1. ਭਾਰਤ ਵਿੱਚ ਗਰਮੀਂ ਦੀ ਰੁੱਤ ਮਾਰਚ ਤੋਂ ਮੱਧ ਜੂਨ ਤੱਕ ਹੁੰਦੀ ਹੈ ।

2. ਇਸ ਸਮੇਂ ਉੱਤਰੀ ਭਾਰਤ ਵਿੱਚ ਗਰਮ ਖੁਸ਼ਕ ਪੌਣਾਂ ਚਲਦੀਆਂ ਹਨ ਜਿੰਨ੍ਹਾਂ ਨੂੰ ਲੂ ਕਿਹਾ ਜਾਂਦਾ ਹੈ ।

3.ਇਸ ਸਮੇਂ ਉੱਤਰੀ ਭਾਰਤ ਵਿੱਚ ਤਾਪਮਾਨ ਬਹੁਤ ਵੱਧ ਜਾਂਦਾ ਹੈ ।

ਪ੍ਰਸ਼ਨ-4. ਭਾਰਤ ਵਿੱਚ ਕਿਹੜੀ ਰੁੱਤ ਵਿੱਚ ਵਰਖਾ ਜਿਆਦਾ ਅਤੇ ਬਹੁਤੇ ਭਾਗਾਂ ਵਿੱਚ ਹੁੰਦੀ ਹੈ?ਇਸ ਰੁੱਤ ਬਾਰੇ ਜਾਣਕਾਰੀ ਦਿਓ।

ਉੱਤਰ- ਭਾਰਤ ਵਿੱਚ ਮਾਨਸੂਨ ਰੁੱਤ ਵਿੱਚ ਜਿਆਦਾ ਅਤੇ ਬਹੁਤੇ ਭਾਗਾਂ ਵਿੱਚ ਵਰਖਾ ਹੁੰਦੀ ਹੈ । ਇਹ ਰੁੱਤ ਮੱਧ ਜੂਨ ਤੋਂ ਸਤੰਬਰ ਤੱਕ ਹੁੰਦੀ ਹੈ । ਇਸ ਸਮੇਂ ਦੱਖਣ-ਪੱਛਮੀਂ ਮਾਨਸੂਨ ਪੌਣਾਂ ਵਰਖਾ ਕਰਦੀਆਂ ਹਨ ।

ਪ੍ਰਸ਼ਨ-5.ਊਸ਼ਣ ਸਦਾਬਹਾਰ ਬਨਸਪਤੀ ਬਾਰੇ ਨੋਟ ਲਿਖੋ ।

ਉੱਤਰ- ਇਹ ਵਣ ਜਿਆਦਾ ਵਰਖਾ ਵਾਲੇ ਪ੍ਰਦੇਸ਼ਾਂ ਵਿੱਚ ਪਾਏ ਜਾਂਦੇ ਹਨ । ਇਹ ਬਹੁਤ ਹੀ ਉੱਚੇ ਹੁੰਦੇ ਹਨ ।ਜਿਸ ਸਮੇਂ ਕੁਝ ਰੁੱਖ ਆਪਣੇ ਪੱਤੇ ਝਾੜ ਰਹੇ ਹੁੰਦੇ ਹਨ ਉਸ ਸਮੇਂ ਹੋਰ ਰੁੱਖਾ ਤੇ ਨਵੇਂ ਪੱਤੇ ਆ ਰਹੇ ਹੁੰਦੇ ਹਨ ਇਸ ਲਈ ਇਹ ਸਦਾ ਹਰੇ- ਭਰੇ ਦਿਖਾਈ ਦਿੰਦੇ ਹਨ ।

ਪ੍ਰਸ਼ਨ-6. ਜੰਗਲੀ ਜੀਵਾਂ ਦੀ ਸੰਭਾਲ ਤੇ ਨੋਟ ਲਿਖੋ ।

ਉਤਰ- ਭਾਰਤ ਵਿੱਚ ਕਈ ਤਰਾਂ ਦੇ ਜੀਵ ਜੰਤੂ ਪਾਏ ਜਾਂਦੇ ਹਨ ।ਪਰ ਕਈ ਜੰਤੂਆਂ ਦੀਆਂ ਜਾਤੀਆਂ ਹੁਣ ਖਤਮ ਹੋ ਰਹੀਆਂ ਹਨ।ਸਰਕਾਰ ਨੇ ਜੀਵਾਂ ਦੇ ਕੁਦਰਤੀ ਵਾਤਾਵਰਣ ਵਿੱਚ ਰਹਿਣ ਲਈ ਕਈ ਪਾਰਕ ਅਤੇ ਚਿੜੀਆਘਰ ਬਣਾਏ ਹਨ। ਸਾਨੂੰ ਵੀ ਜੰਗਲੀ ਜੀਵਾਂ ਦੀ ਸੰਭਾਲ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਪ੍ਰਸ਼ਨ-7. ਕੁਦਰਤੀ ਸਾਧਨਾ ਦੀ ਸੰਭਾਲ ਬਾਰੇ ਲਿਖੋ ।

ਉੱਤਰ- ਕੁਦਰਤੀ ਸਾਧਨਾਂ ਵਿੱਚ ਜੀਵ ਜੰਤੂ, ਵਣ, ਮਿੱਟੀ , ਖਣਿਜ ਆਦਿ ਸ਼ਾਮਿਲ ਹਨ । ਸਾਨੂੰ ਇਹਨਾਂ ਸਾਧਨਾਂ ਦੀ ਸਹੀ ਵਰਤੋ ਕਰਨੀ ਚਾਹੀਂਦੀ ਹੈ ਤਾਂ ਜੋ ਇਹ ਖਤਮ ਨਾ ਹੋਣ ।

ਪ੍ਰਸ਼ਨ-8. ਕੁਦਰਤੀ ਬਨਸਪਤੀ ਦੇ ਲਾਭਾਂ ਬਾਰੇ ਜਾਣਕਾਰੀ ਦਿਓ ।

ਉੱਤਰ-1.ਜੰਗਲਾਂ ਤੋਂ ਸਾਨੂੰ ਦਵਾਈਆਂ ਬਣਾਉਣ ਲਈ ਕਈ ਪ੍ਰਕਾਰ ਦੀਆਂ ਜੜ੍ਹੀ-ਬੂਟੀਆਂ ਅਤੇ ਲੱਕੜੀ ਪ੍ਰਾਪਤ ਹੁੰਦੀ ਹੈ।

2. ਰੁੱਖ ਵਰਖਾ ਲਿਆਉਣ ਵਿੱਚ ਸਹਾਇਕ ਹੁੰਦੇ ਹਨ ।

Harbans gorkhnath

3.ਰੁੱਖ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ ।

4. ਜੰਗਲ ਜੀਵ-ਜੰਤੂਆਂ ਦਾ ਆਵਾਸ-ਸਥਾਨ ਹੁੰਦੇ ਹਨ।

5. ਰੁੱਖ ਹੜ੍ਹਾਂ ਅਤੇ ਭੋ-ਖੋਰ ਨੂੰ ਰੋਕਦੇ ਹਨ ।

ਪ੍ਰਸ਼ਨ-9.ਜਵਾਰੀ ਬਨਸਪਤੀ ਭਾਰਤ ਵਿੱਚ ਕਿੱਥੇ ਪਾਈ ਜਾਂਦੀ ਹੈ ? ਪ੍ਰਮੁੱਖ ਰੁੱਖਾਂ ਦੇ ਨਾਂ ਲਿਖੋ ।

ਉੱਤਰ- ਜਵਾਰੀ ਬਨਸਪਤੀ ਡੈਲਟਾ ਪ੍ਰਦੇਸ਼ਾਂ ਵਿੱਚ ਪਾਈ ਜਾਂਦੀ ਹੈ। ਇਹ ਉੱਥੇ ਮਿਲਦੀ ਹੈ ਜਿੱਥੇ ਪਾਣੀ ਬਹੁਤ ਜਿਆਦਾ ਖਾਰਾ ਹੁੰਦਾ ਹੈ ।ਪੱਛਮੀਂ ਬੰਗਾਲ ਦੇ ਸੁੰਦਰ ਵਣ ਇਸ ਬਨਸਪਤੀ ਲਈ ਪ੍ਰਸਿੱਧ ਹਨ। ਇਸਦੇ ਮੁੱਖ ਰੁੱਖ ਮੈਨਗ੍ਰੋਵ ਅਤੇ ਸੁੰਦਰੀ ਹਨ ।

**ਖਾਲੀ ਥਾਵਾਂ ਭਰੋ:-**

1.ਮੋਰ 2. ਸੰਦਲ

3.ਦਸੰਬਰ , ਫਰਬਰੀ 4. ਆਕਸੀਜ਼ਨ , ਕਾਰਬਨਡਾਇਆਕਸਾਈਡ

## ਪਾਠ-17 ਚਾਲੂਕਿਆ ਅਤੇ ਪੱਲਵ

**ਪ੍ਰਸ਼ਨ-1. ਦੱਖਣੀ ਭਾਰਤ ਦੇ ਚਾਲੂਕਿਆ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਚਾਲੂਕਿਆ ਨੇ ਦੱਖਣੀ ਭਾਰਤ ਵਿੱਚ ਸਾਤਵਾਹਨ ਸ਼ਾਸ਼ਕਾਂ ਦੇ ਪਤਨ ਤੋਂ ਬਾਅਦ ਰਾਜ ਕੀਤਾ ।

ਪੁਲਕੇਸ਼ਿਨ ਪਹਿਲਾ , ਕੀਰਤੀਵਰਮਨ ਅਤੇ ਪੁਲਕੇਸ਼ਿਨ ਦੂਜਾ ਇਸ ਵੰਸ਼ ਦੇ ਮੁੱਖ ਰਾਜੇ ਸਨ ।

**ਪ੍ਰਸ਼ਨ-2. ਚਾਲੂਕਿਆ ਮੰਦਰਾਂ ਬਾਰੇ ਇੱਕ ਨੋਟ ਲਿਖੋ ।**

ਉੱਤਰ- ਚਾਲੂਕਿਆ ਨੇ ਮੁੱਖ ਤੌਰ ਤੇ ਬ੍ਰਹਮਾਂ, ਵਿਸ਼ਨੂੰ ਅਤੇ ਸ਼ਿਵ ਦੀ ਪੂਜਾ ਲਈ ਮੰਦਰ ਬਣਾਏ ।ਪੰਪਨਾਥ ਦੇ ਮੰਦਰ ਬਹੁਤ ਪ੍ਰਸਿੱਧ ਹਨ। ਇਸ ਵੰਸ਼ ਦੇ ਮੰਦਰਾਂ ਦੀਆਂ ਦੀਵਾਰਾਂ ਤੇ ਰਮਾਇਣ ਦੇ ਦ੍ਰਿਸ਼ਾਂ ਨੂੰ ਬੜੇ ਸੁੰਦਰ ਢੰਗ ਨਾਲ ਦਿਖਾਇਆ ਗਿਆ ਹੈ।

**ਪ੍ਰਸ਼ਨ-3. ਪੱਲਵਾਂ ਦੀ ਕਲਾ ਅਤੇ ਭਵਨ-ਨਿਰਮਾਣ ਕਲਾ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਪੱਲਵਾਂ ਨੇ ਅਨੇਕਾਂ ਮੰਦਰਾਂ ਦਾ ਨਿਰਮਾਣ ਕਰਵਾਇਆ ।ਇਹਨਾਂ ਨੇ ਰੱਥ ਮੰਦਰ ਬਣਵਾਏ ।ਇਹਨਾਂ ਦੇ ਮੰਦਰਾਂ ਦੇ ਨਾਮ ਮਹਾਂਭਾਰਤ ਦੇ ਪਾਂਡਵਾਂ ਦੇ ਨਾਮ ਤੇ ਸਨ। ਇਹਨਾਂ ਮੰਦਰਾਂ ਵਿੱਚ ਪੂਜਾ- ਪਾਠ ਦੇ ਨਾਲ ਨਾਲ ਸਿੱਖਿਆ ਵੀ ਦਿੱਤੀ ਜਾਂਦੀ ਸੀ ।

**ਹੇਠ ਲਿਖਿਆਂ ਦੇ ਜੋੜੇ ਬਣਾਓ**

1) ਈਰਾਨੀ ਰਾਜਦੂਤ ਅ) ਪੁਲਕੇਸ਼ਿਨ ਦੂਜਾ

2) ਵੀਰੂਪਾਕੱਸ਼ ੲ) ਚਾਲੂਕਿਆ ਮੰਦਰ

3) ਮਹਾਂਬਲੀਪੁਰਮ ਸ) ਰੱਥ ਮੰਦਰ

Harbans gorkhnath

4) ਮਹਿੰਦਰ ਵਰਮਨ ੲ) ਪੱਲਵ ਰਾਜਾ

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (X) 3. (X) 4. (√)

## ਪਾਠ-22 (ਸਰਬਜਨਕ ਸੰਪਤੀ ਦੀ ਸੰਭਾਲ)

**ਪ੍ਰਸ਼ਨ-1.ਅਸੀਂ ਆਪਣੀ ਨਿੱਜੀ ਜਾਇਦਾਦ ਨੂੰ ਪਿਆਰ ਕਿਉਂ ਕਰਦੇ ਹਾਂ ?**

ਉੱਤਰ-ਕਿਉਂਕਿ ਨਿੱਜੀ ਜਾਇਦਾਦ ਤੇ ਸਾਡਾ ਆਪਣਾ ਧਨ ਲੱਗਿਆ ਹੁੰਦਾ ਹੈ ।

**ਪ੍ਰਸ਼ਨ-2.ਰਾਸ਼ਟਰੀ ਸੰਪਤੀ ਦੀ ਸੰਭਾਲ ਕਿਉਂ ਜਰੂਰੀ ਹੈ ?**

ਉੱਤਰ-ਕਿਉਂਕਿ ਇਹ ਸਾਡੇ ਦੇਸ਼ ਦੀ ਅਤੇ ਸਾਡੀ ਸਭ ਦੀ ਸਾਂਝੀ ਸੰਪਤੀ ਹੁੰਦੀ ਹੈ। ਇਸਦੇ ਖਰਾਬ ਹੋਣ ਨਾਲ ਸਾਡੇ ਦੇਸ ਦਾ ਨੁਕਸਾਨ ਹੁੰਦਾ ਹੈ।

**ਪ੍ਰਸ਼ਨ-3. ਲੋਕ ਸਰਬਜਨਕ ਸੰਪਤੀ ਖਰਾਬ ਕਿਉਂ ਕਰਦੇ ਹਨ?**

ਉੱਤਰ-ਕਈ ਲੋਕ ਆਪਣੀਆਂ ਮੰਗਾਂ ਮਨਵਾਉਣ ਲਈ ਜਾਂ ਕਈ ਵਾਰ ਜਾਣੇ -ਅਨਜਾਣੇ ਵਿੱਚ ਸਰਬਜਨਕ ਸੰਪਤੀ ਨੂੰ ਖਰਾਬ ਕਰਦੇ ਹਨ।

**ਪ੍ਰਸ਼ਨ-4. ਦੋ ਤਰ੍ਹਾਂ ਦੀ ਸਰਬਜਨਕ ਸੰਪਤੀ ਦੇ ਨਾਮ ਦੱਸੋ।**

ਉੱਤਰ-1. ਸਰਬਜਨਕ ਸੰਸਥਾਵਾਂ/ਸੇਵਾਵਾਂ

2.ਇਤਿਹਾਸਕ ਇਮਾਰਤਾਂ

**ਪ੍ਰਸ਼ਨ-5. ਲੋਕ ਉਪਯੋਗੀ ਸੇਵਾਵਾਂ ਤੋਂ ਤੁਸੀਂ ਕੀ ਸਮਝਦੇ ਹੋਂ? ਕੋਈ ਦੋ ਉਦਾਹਰਨਾਂ ਦਿਓ।**

ਉੱਤਰ- ਉਹ ਸੇਵਾਵਾਂ ਜੋ ਸਰਕਾਰ ਦੁਆਰਾ ਸਾਰੇ ਲੋਕਾਂ ਦੇ ਉਪਯੋਗ ਲਈ ਦਿੱਤੀਆਂ ਜਾਂਦੀਆਂ ਹਨ ਲੋਕ ਉਪਯੋਗੀ ਸੇਵਾਵਾਂ ਕਹਾਉਂਦੀਆਂ ਹਨ। ਜਿਵੇਂ ਸਕੂਲ, ਹਸਪਤਾਲ, ਬੱਸਾਂ, ਗੱਡੀਆਂ, ਬਾਗ, ਪਾਰਕ ਆਦਿ।

**ਪ੍ਰਸ਼ਨ-6. ਸਰਬਜਨਕ ਸੰਪਤੀ ਕੀ ਹੈ? ਇਸਨੂੰ ਸੰਭਾਲਣਾ ਕਿਸਦੀ ਜਿੰਮੇਵਾਰੀ ਹੈ ?**

ਉੱਤਰ- ਸਰਬਜਨਕ ਸੰਪਤੀ ਸਾਡੀ ਸਭ ਦੀ ਸਾਂਝੀ ਹੁੰਦੀ ਹੈ। ਇਸਨੂੰ ਸੰਭਾਲਣਾ ਸਾਡੀ ਸਭ ਦੀ ਜਿੰਮੇਵਾਰੀ ਹੈ ।

**ਪ੍ਰਸ਼ਨ-7. ਲੋਕ ਸਾਂਝੀ ਸੰਪਤੀ ਦਾ ਦੁਰਉਪਯੋਗ ਕਿਵੇਂ ਕਰਦੇ ਹਨ?**

ਉੱਤਰ- ਲੋਕ ਸਾਂਝੀਆਂ ਥਾਂਵਾਂ ਤੇ ਗੰਦਗੀ ਖਿਲਾਰ ਕੇ, ਬੱਸਾਂ ,ਗੱਡੀਆਂ ਨੂੰ ਨੁਕਸਾਨ ਪਹੁੰਚਾ ਕੇ, ਸੜਕਾਂ ਦੇ ਕਿਨਾਰੇ ਲੱਗੀਆਂ ਲਾਈਟਾਂ ਤੋੜ ਕੇ ਸਾਂਝੀ ਸੰਪਤੀ ਦਾ ਦੁਰਉਪਯੋਗ ਕਰਦੇ ਹਨ।

**ਪ੍ਰਸ਼ਨ-8. ਸਕੂਲ ਦੀ ਸੰਪਤੀ ਕਿਸਦੇ ਪੈਸੇ ਤੋਂ ਬਣਾਈ ਜਾਂਦੀ ਹੈ ?**

ਉੱਤਰ- ਸਕੂਲ ਦੀ ਸੰਪਤੀ ਸਰਕਾਰ ਦੇ ਪੈਸੇ ਤੋਂ ਬਣਾਈ ਜਾਂਦੀ ਹੈ। ਸਰਕਾਰ ਇਹ ਪੈਸਾ ਸਾਡੇ ਤੋਂ ਇਕੱਠਾ ਕਰਦੀ ਹੈ ।ਇਸ ਤਰਾਂ ਸਕੂਲ ਦੀ ਸੰਪਤੀ ਸਾਡੇ ਆਪਣੇ ਪੈਸੇ ਤੋਂ ਬਣਦੀ ਹੈ ।

**ਪ੍ਰਸ਼ਨ-9. ਨਿੱਜੀ ਅਤੇ ਸਰਬਜਨਕ ਸੰਪਤੀ ਵਿੱਚ ਵਿੱਚ ਮੁੱਖ ਅੰਤਰ ਦੱਸੋ ।**

ਉੱਤਰ- ਨਿੱਜੀ ਸੰਪਤੀ ਤੇ ਸਿਰਫ ਸਾਡਾ ਆਪਣਾ ਅਧਿਕਾਰ ਹੁੰਦਾ ਹੈ ਜਦਕਿ ਸਰਬਜਨਕ ਸੰਪਤੀ ਸਭ ਦੀ ਸਾਂਝੀ ਹੁੰਦੀ ਹੈ ।

**ਪ੍ਰਸ਼ਨ-10.ਸਕੂਲ ਦੀ ਸੰਪਤੀ ਪ੍ਰਤੀ ਸਾਡੀ ਕੀ ਜਿੰਮੇਵਾਰੀ ਹੈ ?**

Harbansgorkhnath

ਉੱਤਰ-ਸਾਨੂੰ ਸਕੂਲ ਦੀ ਇਮਾਰਤ, ਫਰਨੀਚਰ ਆਦਿ ਖਰਾਬ ਨਹੀਂ ਕਰਨਾ ਚਾਹੀਦਾ ਅਤੇ ਸਾਨੂੰ ਸਕੂਲ ਵਿੱਚ ਸਫਾਈ ਰੱਖਣੀ ਚਾਹੀਦੀ ਹੈ। ਸਾਨੂੰ ਲਾਇਬ੍ਰੇਰੀ ਦੀਆਂ ਕਿਤਾਬਾਂ, ਖੇਡਾਂ ਦਾ ਸਮਾਨ ਅਤੇ ਪੀਣ ਦੇ ਪਾਣੀ ਨੂੰ ਸਹੀ ਢੰਗ ਨਾਲ ਵਰਤਨਾ ਚਾਹੀਂਦਾ ਹੈ।

**ਪ੍ਰਸ਼ਨ- 11.ਤੁਸੀਂ ਇਤਿਹਾਸਕ ਸਮਾਰਕਾਂ ਦੀ ਸੁਰੱਖਿਆ ਲਈ ਕੀ ਮਦਦ ਕਰ ਸਕਦੇ ਹੋਂ?**

ਉੱਤਰ- 1.ਸਾਨੂੰ ਇਤਿਹਾਸਕ ਇਮਾਰਤਾਂ ਤੇ ਲਾਈਨਾਂ ਮਾਰ ਕੇ ਜਾਂ ਆਪਣਾ ਨਾਮ ਲਿਖ ਕੇ ਖਰਾਬ ਨਹੀਂ ਕਰਨੀਆਂ ਚਾਹੀਂਦੀਆਂ। 2. ਸਾਨੂੰ ਇਹਨਾਂ ਦੇ ਆਸ-ਪਾਸ ਗੰਦਗੀ ਨਹੀਂ ਖਿਲਾਰਨੀ ਚਾਹੀਦੀ।3. ਸਾਨੂੰ ਇਹਨਾਂ ਸਥਾਨਾਂ ਤੇ ਹੁੰਦੀ ਚੋਰੀ ਨੂੰ ਰੋਕਣਾ ਚਾਹੀਦਾ ਹੈ ।

**ਖਾਲੀ ਥਾਵਾਂ ਭਰੋ:-**

1.ਨਿੱਜੀ ਸੰਪਤੀ 2. ਸਮਾਰਕ 3. ਨੁਕਸਾਨ 4. ਸਰਬਜਨਕ ਸੰਪਤੀ 5. ਪਰਿਵਾਰਕ ਸੰਪਤੀ

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (X) 2. (√) 3. (√) 4. (√)

## ਪਾਠ-18 (ਭਾਰਤ ਅਤੇ ਸੰਸਾਰ)

**ਪ੍ਰਸ਼ਨ-1.ਰੇਸ਼ਮੀਂ ਮਾਰਗ ਤੋਂ ਕੀ ਭਾਵ ਹੈ ?**

ਉੱਤਰ- ਚੀਨ ਨੂੰ ਯੂਰਪ ਨਾਲ ਜੋੜਨ ਵਾਲੇ ਮਾਰਗ ਨੂੰ ਰੇਸ਼ਮੀਂ ਮਾਰਗ ਕਿਹਾ ਜਾਂਦਾ ਹੈ । ਪੁਰਾਣੇ ਸਮੇਂ ਵਿੱਚ ਇਸ ਰਸਤੇ ਦੁਆਰਾ ਸਭ ਤੋਂ ਵੱਧ ਰੇਸ਼ਮ ਦਾ ਵਪਾਰ ਹੁੰਦਾ ਸੀ ।

**ਪ੍ਰਸ਼ਨ-2.ਸਾਤਵਾਹਨ ਕਾਲ ਦੀਆਂ ਕੁਝ ਮਹੱਤਵਪੂਰਨ ਬੰਦਰਗਾਹਾਂ ਦੇ ਨਾਮ ਲਿਖੋ ।**

ਉੱਤਰ- 1. ਕਾਵੇਰੀ-ਪੱਟਨਮ 2. ਮਹਾਂਬਲੀਪੁਰਮ 3. ਪੁਹਾਰ 4. ਸ਼ੂਰਪਾਰਕ

**ਪ੍ਰਸ਼ਨ- 3. ਭਾਰਤ ਤੋਂ ਰੋਮ ਨੂੰ ਕੀ ਨਿਰਯਾਤ ( ਭੇਜਿਆ) ਕੀਤਾ ਜਾਂਦਾ ਸੀ ?**

ਉੱਤਰ- ਮਸਾਲੇ, ਹੀਰੇ, ਕੱਪੜਾ, ਇਤਰ, ਤੋਤੇ, ਮੋਰ, ਆਦਿ ।

**ਪ੍ਰਸ਼ਨ- 4. ਯੂਰਪ ਤੋਂ ਕਿਹੜੀਆਂ ਵਸਤਾਂ ਆਯਾਤ (ਮੰਗਵਾਈਆਂ) ਕੀਤੀਆਂ ਜਾਂਦੀਆਂ ਸਨ ?**

ਉੱਤਰ-ਸ਼ੀਸ਼ੇ ਅਤੇ ਸ਼ੀਸ਼ੇ ਤੋਂ ਬਣੀਆਂ ਵਸਤਾਂ ।

**ਹੇਠ ਲਿਖਿਆਂ ਦੇ ਜੋੜੇ ਬਣਾਓ**

Harbans gorkhnath

ਉੱਤਰ-1) ਸੋਨੇ ਦੇ ਸਿੱਕੇ ਰੋਮ

2) ਬੰਦਰਗਾਹ ਸ਼ੁਰਪਾਰਕ

3) ਚੀਨ ਰੇਸ਼ਮ

4) ਰੇਸ਼ਮੀਂ ਮਾਰਗ ਥਲ-ਮਾਰਗ

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. (√) 2. (X) 3. (√) 4. (√) 5. (X)

## ਪਾਠ-12 ਭਾਰਤ 600 ਈ:ਪੂਰਵ ਤੋਂ 400 ਈ: ਪੂਰਵ ਤੱਕ

**ਪ੍ਰਸ਼ਨ-1. ਮਹਾਜਨਪਦ ਤੋਂ ਕੀ ਭਾਵ ਹੈ?**

ਉੱਤਰ- 600 ਈ: ਪੂਰਵ ਵਿੱਚ ਬਹੁਤ ਜਿਆਦਾ ਸ਼ਕਤੀਸ਼ਾਲੀ ਰਾਜਾਂ ਨੂੰ ਮਹਾਜਨਪਦ ਕਿਹਾ ਜਾਂਦਾ ਸੀ। ਪ੍ਰਾਚੀਨ ਭਾਰਤ ਵਿੱਚ 16 ਮਹਾਜਨਪਦ ਸਨ।

**ਪ੍ਰਸ਼ਨ-2. ਕਿਸੇ ਚਾਰ ਮਹੱਤਵਪੂਰਨ ਜਨਪਦਾਂ ਦੇ ਨਾਮ ਲਿਖੋ।**

ਉੱਤਰ-ਮਗਧ, ਕਸ਼ਿਲ, ਵਤਨ ਅਤੇ ਅਵੰਤੀ ।

**ਪ੍ਰਸ਼ਨ-3. ਹਰਿਅੰਕ ਵੰਸ਼ ਦੇ ਅਧੀਨ ਮਗਧ ਦੇ ਉਥਾਨ ਦਾ ਵਰਨਣ ਕਰੋ।**

ਉੱਤਰ- ਹਰਿਅੰਕ ਵੰਸ਼ ਦੇ ਰਾਜਾ ਬਿੰਬੀਸਾਰ ਨੇ ਮਗਧ ਨੂੰ ਇੱਕ ਸ਼ਕੀਸ਼ਾਲੀ ਰਾਜ ਬਣਾਇਆ ਸੀ।ਉਸਦੇ ਪੁੱਤਰ ਅਜਾਤਸ਼ਤਰੂ ਨੇ ਕਾਸ਼ੀ, ਕੋਸ਼ਲ ਅਤੇ ਵੈਸ਼ਾਲੀ ਨੂੰ ਹਰਾਇਆ।ਉਸਦੀ ਰਾਜਧਾਨੀ ਪਾਟਲੀਪੁੱਤਰ (ਪਟਨਾ) ਸੀ।

**ਪ੍ਰਸ਼ਨ- 4. ਇਸ ਕਾਲ ਵਿੱਚ ਜਾਤ ਪ੍ਰਥਾ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਇਸ ਕਾਲ ਵਿੱਚ ਸਮਾਜ ਮੁੱਖ ਤੌਰ ਤੇ ਚਾਰ ਜਾਤੀਆਂ ਵਿੱਚ ਵੰਡਿਆ ਹੋਇਆ ਸੀ- ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ। ਜਾਤੀ ਜਨਮ ਤੇ ਅਧਾਰਿਤ ਹੁੰਦੀ ਸੀ।। ਇਸ ਕਾਲ ਵਿੱਚ ਸ਼ੂਦਰਾਂ ਦੀ ਦਸ਼ਾ ਬਹੁਤ ਖਰਾਬ ਹੋ ਗਈ ਸੀ।ਮਹਾਤਮਾਂ ਬੁੱਧ ਨੇ ਜਾਤੀ ਪ੍ਰਥਾ ਦਾ ਵਿਰੋਧ ਕੀਤਾ।

**ਪ੍ਰਸ਼ਨ- 5. ਠੱਪੇ ਵਾਲੇ ਸਿੱਕਿਆਂ ਤੇ ਇੱਕ ਨੋਟ ਲਿਖੋ।**

ਉੱਤਰ- ਇਸ ਕਾਲ ਵਿੱਚ ਵਸਤੂਆਂ ਦੀ ਖਰੀਦ ਵੇਚ ਲਈ ਤਾਂਬੇ ਅਤੇ ਚਾਂਦੀ ਦੇ ਸਿੱਕੇ ਵਰਤੇ ਜਾਂਦੇ ਸਨ।ਇਹਨਾਂ ਦਾ ਕੋਈ ਇੱਕ ਆਕਾਰ ਨਹੀਂ ਹੁੰਦਾ ਸੀ। ਇਹਨਾਂ ਸਿੱਕਿਆਂ ਉੱਤੇ ਭਾਂਤ-ਭਾਂਤ ਦੀਆਂ ਸ਼ਕਲਾਂ ਦੇ ਠੱਪੇ ਲਗਾਏ ਜਾਂਦੇ ਸਨ।

**ਪ੍ਰਸ਼ਨ- 6. ਜੈਨ ਧਰਮ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਜੈਨ ਧਰਮ ਭਾਰਤ ਦਾ ਇੱਕ ਪ੍ਰਾਚੀਨ ਧਰਮ ਹੈ। ਭਗਵਾਨ ਮਹਾਂਵੀਰ ਸਵਾਮੀਂ ਇਸ ਧਰਮ ਦੇ 24 ਵੇਂ ਤੀਰਥੰਕਰ ਸਨ।ਇਸ ਧਰਮ ਦਾ ਵਿਸ਼ਵਾਸ ਹੈ ਕਿ ਹਰੇਕ ਆਤਮਾ ਆਪਣੇ ਚੰਗੇ ਕੰਮਾਂ ਨਾਲ ਈਸ਼ਵਰ ਨੂੰ ਪ੍ਰਾਪਤ ਕਰ ਸਕਦੀ ਹੈ। ਸੱਚੀ ਸ਼ਰਧਾ, ਸੱਚਾ ਗਿਆਨ ਅਤੇ ਸੱਚਾ ਆਚਰਣ ਇਸ ਧਰਮ ਦੇ ਤ੍ਰਿਰਤਨ ਹਨ।

**ਪ੍ਰਸ਼ਨ- 7. ਬੁੱਧ ਧਰਮ ਦੀਆਂ ਮੁੱਖ ਸਿੱਖਿਆਵਾਂ ਕਿਹੜੀਆਂ ਹਨ?**

ਉੱਤਰ- 1.ਸਾਨੂੰ ਆਪਣੀਆਂ ਇੱਛਾਵਾਂ ਤੇ ਕਾਬੂ ਰੱਖਣਾ ਚਾਹੀਂਦਾ ਹੈ।

2. ਸਾਨੂੰ ਸੱਚੇ ਕਰਮ ਕਰਨੇ ਚਾਹੀਂਦੇ ਹਨ।

Harbansgorkhnath

3. ਸਾਡਾ ਰਹਿਣ-ਸਹਿਣ ਸੱਚਾ ਹੋਣਾ ਚਾਹੀਂਦਾ ਹੈ।

4. ਸਾਨੂੰ ਸੱਚੇ ਧਿਆਨ ਨਾਲ ਪ੍ਰਮਾਤਮਾਂ ਦੇ ਨਾਮ ਦਾ ਜਾਪ ਕਰਨਾ ਚਾਹੀਂਦਾ ਹੈ।

**ਖਾਲੀ ਥਾਵਾਂ ਭਰੋ:-**

1. 543 ਈ:ਪੂਰਵ ਤੋਂ 492 ਈ: ਪੂਰਵ ਤੱਕ 2. ਅਮਾਤਯ 3. ਆਮ ਲੋਕਾਂ ਦਾ 4. ਚੋਵੀ 5. ਸਿਧਾਰਥ 6. ਤੀਹ

**ਵਾਕਾਂ ਦੇ ਸਹੀ ਜੋੜੇ ਬਣਾਓ:-**

| | |
|---|---|
| 1) ਮਗਧ | ਅ) ਮਹਾਜਨਪਦ |
| 2) ਅਜਾਤਸ਼ਤਰੂ | ਸ) ਰਾਜਾ |
| 3) ਵੰਜ਼ੀ | ੳ) ਗਣਤੰਤਰ |
| 4) ਸ਼੍ਰੇਣੀ | ੲ) ਨਿਗਮ (ਸ਼ਿਲਪ ਗੁਟ) |
| 5) ਪਾਰਸ਼ਵਨਾਥ | ਕ) ਤੀਰਥੰਕਰ |
| 6) ਬੁੱਧ | ਹ) ਅਸ਼ਟਮਾਰਗ |

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1. **(√)** 2. **(√)** 3. **(X)** 4. **(X)** 5. **(X)** 6. **(√)** 7. **(√)**

## ਪਾਠ-20

## ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰ

ਪ੍ਰਸ਼ਨ- 1. ਭਾਰਤ ਵਿੱਚ ਪਿੰਡਾ ਦੀ ਗਿਣਤੀ ਕਿੰਨੀ ਹੈ ?

ਉੱਤਰ- 6 ਲੱਖ

ਪ੍ਰਸ਼ਨ-2. ਪੰਚਾਇਤੀ ਰਾਜ ਤੋਂ ਤੁਹਾਡਾ ਕੀ ਭਾਵ ਹੈ ?

ਉੱਤਰ- ਪਿੰਡਾਂ ਵਿੱਚ ਸਾਸ਼ਨ ਪ੍ਰਬੰਧ ਪੰਚਾਇਤ ਦੁਆਰਾ ਚਲਾਇਆ ਜਾਂਦਾ ਹੈ ।ਗ੍ਰਾਮ ਪੰਚਾਇਤ, ਪੰਚਾਇਤ ਸੰਮਤੀ ਅਤੇ ਜਿਲ੍ਹਾ ਪਰੀਸ਼ਦ ਪੰਚਾਇਤੀ ਰਾਜ ਦੇ ਭਾਗ ਹਨ।

ਪ੍ਰਸ਼ਨ- 3.ਪੰਚਾਇਤੀ ਰਾਜ ਦੀ ਮੁਢਲੀ ਅਤੇ ਸਿਖਰ ਦੀ ਸੰਸਥਾ ਦਾ ਨਾਮ ਲਿਖੋ ।

ਉੱਤਰ- ਪੰਚਾਇਤੀ ਰਾਜ ਦੀ ਮੁਢਲੀ ਸੰਸਥਾ ਗ੍ਰਾਮ ਪੰਚਾਇਤ ਅਤੇ ਸਿਖਰ ਦੀ ਸੰਸਥਾ ਜਿਲ੍ਹਾ ਪਰੀਸ਼ਦ ਹੈ ।

Harbans gorkhnath

ਪ੍ਰਸ਼ਨ-4. ਪੰਜਾਬ ਵਿੱਚ ਗ੍ਰਾਮ ਪੰਚਾਇਤ ਦੇ ਮੈਂਬਰਾਂ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਗਿਣਤੀ ਕਿੰਨੀ ਹੁੰਦੀ ਹੈ?

ਉੱਤਰ- ਘੱਟ ਤੋਂ ਘੱਟ- 5, ਵੱਧ ਤੋਂ ਵੱਧ- 11

ਪ੍ਰਸ਼ਨ-5. ਜਿਲ੍ਹਾ ਪਰੀਸ਼ਦ ਦੇ ਕੋਈ ਦੋ ਕੰਮ ਲਿਖੋ ।

ਉੱਤਰ- 1.ਇਹ ਪੰਚਾਇਤ ਸੰਮਤੀਆਂ ਵਿੱਚ ਤਾਲਮੇਲ ਪੈਦਾ ਕਰਦੀ ਹੈ ।

2. ਇਹ ਸਰਕਾਰ ਨੂੰ ਵਿਕਾਸ ਕੰਮਾਂ ਬਾਰੇ ਰਾਇ ਦਿੰਦੀ ਹੈ ।

ਪ੍ਰਸ਼ਨ-6. ਪਿੰਡਾਂ ਦੀ ਬਦਲਦੀ ਨੁਹਾਰ ਬਾਰੇ ਸੰਖੇਪ ਨੋਟ ਲਿਖੋ ।

ਉੱਤਰ- 1.ਪਿੰਡਾਂ ਵਿੱਚ ਸਿੱਖਿਆ ਦੇ ਪ੍ਰਸਾਰ ਲਈ ਸਕੂਲ,ਕਾਲਜ ਖੋਲੇ ਗਏ ਹਨ।

2.ਖੇਤੀਬਾੜੀ ਦੇ ਵਿਕਾਸ ਲਈ ਸਰਕਾਰ ਵੱਲੋਂ ਵਧੀਆ ਬੀਜ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ।

3. ਲੋਕਾਂ ਦੀ ਸਿਹਤ ਵਿੱਚ ਸੁਧਾਰ ਲਈ ਮੁਢਲੇ ਸਿਹਤ ਕੇਂਦਰ ਖੋਲੇ ਗਏ ਹਨ।

ਪ੍ਰਸ਼ਨ-7. ਅੰਗਰੇਜ਼ੀ ਰਾਜ ਵਿੱਚ ਪਿੰਡਾਂ ਦੀ ਅਵਸਥਾ ਕਿਹੋ ਜਿਹੀ ਸੀ ?

ਉੱਤਰ- ਅੰਗਰੇਜ਼ੀ ਰਾਜ ਵਿੱਚ ਪਿੰਡ ਪਛੜ ਗਏ ਸਨ। ਕਿਸਾਨ ਕਰਜੇ ਦੇ ਬੋਝ ਥੱਲੇ ਦਬ ਗਏ ਸਨ ।

ਪ੍ਰਸ਼ਨ- 8.ਗ੍ਰਾਮ ਸਭਾ ਅਤੇ ਗ੍ਰਾਮ ਪੰਚਾਇਤ ਵਿੱਚ ਕੀ ਫਰਕ ਹੈ ?

ਉੱਤਰ- 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰੇਕ ਵੋਟਰ ਗ੍ਰਾਮ ਸਭਾ ਦਾ ਮੈਂਬਰ ਹੁੰਦਾ ਹੈ ।ਗ੍ਰਾਮ ਸਭਾ ਵੋਟਾਂ ਪਾ ਕੇ ਪਿੰਡ ਦੀ ਪੰਚਾਇਤ ਚੁਣਦੀ ਹੈ ਜਿਸਨੂੰ ਗ੍ਰਾਮ ਪੰਚਾਇਤ ਕਹਿੰਦੇ ਹਨ।

ਪ੍ਰਸ਼ਨ-9. ਪੰਚਾਇਤ ਸੰਮਤੀ ਦਾ ਸਭ ਤੋਂ ਮਹੱਤਵਪੂਰਨ ਕੰਮ ਕਿਹੜਾ ਹੈ?

ਉੱਤਰ- ਗ੍ਰਾਮ ਪੰਚਾਇਤਾਂ ਲਈ ਜਰੂਰੀ ਨਿਯਮ ਬਣਾਉਣਾ ।

ਪ੍ਰਸ਼ਨ-10. ਤੁਹਾਡੇ ਖੇਤਰ ਦੀ ਪੰਚਾਇਤ ਸੰਮਤੀ ਆਪਣੇ ਬਲਾਕ ਦੇ ਵਾਤਾਵਰਨ ਨੂੰ ਸੁਧਾਰਨ ਲਈ ਕੀ ਕਰਦੀ ਹੈ ?

ਉੱਤਰ-1.ਖੇਤੀਬਾੜੀ ਲਈ ਵਧੀਆ ਬੀਜਾਂ ਅਤੇ ਖਾਦਾਂ ਉਪਲਬਧ ਕਰਵਾਉਂਦੀ ਹੈ ।

2.ਪਸ਼ੂ ਅਤੇ ਮੱਛੀ ਪਾਲਣ ਨੂੰ ਉਤਸਾਹਿਤ ਕਰਦੀ ਹੈ ।

3.ਨਵੀਆਂ ਸੜਕਾਂ ਦਾ ਨਿਰਮਾਣ ਅਤੇ ਮੁਰੰਮਤ ਕਰਦੀ ਹੈ।

4.ਪਿੰਡਾਂ ਵਿੱਚ ਸਿਹਤ ਅਤੇ ਸਫਾਈ ਦੇ ਕੰਮ ਕਰਦੀ ਹੈ।

ਖਾਲੀ ਸਥਾਨ ਭਰੋ।

1)28 , 7 2)ਵਿਚਕਾਰ ਦੀ 3)5 4)22 5)ਜਿਲ੍ਹਾ ਪਰੀਸ਼ਦ

**ਹੇਠ ਲਿਖੇ ਵਾਕਾਂ ਲਈ ਸਹੀ (√) ਜਾਂ ਗਲਤ (X) ਦਾ ਨਿਸ਼ਾਨ ਲਗਾਓ:-**

1.(√) 2. (X) 3.(√) 4(√) 5. (√)

Harbansgorkhnath

Harbans gorkhnath